ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

49

July - Sep. 2023

SAINI BHAWAN RUPNAGAR PUNJAB
ਸਰਬੱਤ ਦਾ ਭਲਾ
Estd. 1971

ਸੈਣੀ ਸੰਸਾਰ
Saini Sansar

ਅੰਦਰ ਪੜ੍ਹੋ

- ਦਿੱਲੀ ਜਿੱਤਣ ਵਾਲਾ - ਜਥੇਦਾਰ ਬਘੇਲ ਸਿੰਘ
- ਸੈਣੀ ਭਵਨ ਦੀਆਂ ਸਰਗਰਮੀਆਂ
- ਦੁਨੀਆਂ ਦੀ ਆਰਥਿਕਤਾ ਦਾ ਕੰਟਰੋਲਰ
- ਸਿਹਤਮੰਦ ਸਾਹਿਤਕ ਰਚਨਾਵਾਂ
- ਸੈਣੀ ਕੌਮ ਦਾ ਇਤਿਹਾਸ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

R.N.I. No. : PUNBIL/2011/48578

Volume - XIII, Issue - III

Saini Sansar

(Quarterly)

July - Sep. 2023

PUBLISHER, PRINTER & OWNER
Kaka Ram Saini Charitable Trust (Regd.)
Saini Bhawan,
Roopnagar-140001 (Pb.)

PRINTING PRESS
Tej Printing Press
Phool Chakkar Bazar,
Roopnagar -140001 (Pb.)

PLACE OF PUBLICATION
Saini Bhawan
Roopnagar -140001 (Pb.)

CHIEF EDITOR (HONORARY)
Dr. Ajmer Singh Tamber
B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

FOUNDER
Late Sh. L.R. Mundra
Asstt. Police Commissioner (Delhi) (Retd.)

CHIEF EDITOR
Dr. Ajmer Singh Tamber
Dy. Director (Edu.) Pb. (Retd.)
Ph. : 94176-02835

MANAGER (Accounts)
S. Rajinder Singh
Supdtt. Secretriate (Retd.)
Ph. : 94646-49922

MANAGER (Circulation)
S. Jagdev Singh
J.E. PSPCL (Retd.)
Ph. : 98883-96364

EDITORIAL BOARD

Dr. Jaswant Kaur Saini
Associate Professor (Retd.)
Ph. : 94178-02835

S. Balbir Singh Saini
Editor Magzine "Sool Surahi"
Ph. : 94646-47540

Sh. Rajinder Saini
Asstt. Public Relations Officer (Retd.)
Ph. : 98722-20400

S. Surinder Singh
Inspector Health Deptt. (Rtd.)
Ph. : 99880-06822

Assistant Manager (Circulation)
S. Daljit Singh
Desk Controller, PSPCL (Retd.)
Ph. : 99148-30323

ADVISORS :

India : **S. Bahadurjeet Singh** President Rupnagar Press Club.
Sh. Narinder 'Nindi' Director Pb. Arts International Chd.

Australia : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

U.S.A. : **Dr. Manavpreet Kaur** Professor (English)
10936, Brighton Lane, Frisco, Tx-75033 (USA)

U.K. : **Sh. Tarsem Singh Saini**
14, Forest Road, Cambridge-CB1 9JB (U.K.)

Canada : **Dr. D.P. Singh**
2516, Pollard, Drive Mississauga, Ontario, Canada-LSC3HI

Subscription / Assistance Money	India	Abroad
One Copy	₹ 30	2 £, 4 $, 4 €
Annual (Four Copies)	₹ 100	8 £, 15 $, 15 €
For Five Years	₹ 500	40 £, 75 $, 75 €

ਚੰਦਾ/ਸਹਾਇਤਾ ਰਾਸ਼ੀ	ਭਾਰਤ	ਵਿਦੇਸ਼
ਇੱਕ ਕਾਪੀ	30 ਰੁਪਏ	2 ਪੌਂਡ, 4 ਡਾਲਰ, 4 ਯੂਰੋ
ਸਾਲਾਨਾ (ਚਾਰ ਕਾਪੀਆਂ)	100 ਰੁਪਏ	8 ਪੌਂਡ, 15 ਡਾਲਰ, 15 ਯੂਰੋ
ਪੰਜ ਸਾਲ (20 ਕਾਪੀਆਂ)	500 ਰੁਪਏ	40 ਪੌਂਡ, 75 ਡਾਲਰ, 75 ਯੂਰੋ

ਨੋਟ : ਆਪ ਦਾ ਚੰਦਾ _____ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
President, Kaka Ram Saini Charitable Trust (Regd.)
Saini Bhavan, Roopnagar-140001, Punjab - India
Ph. : 01881-220078, 220181
Our Bank : Indian Bank, Ropar. IFSC Code : IDIB000R027 Account No. : 833562779
E-mail : sainibhawanrpr@gmail.com
Website : www.sainibhawan.org

Date of Publication : 08.07.2023

ਸੈਣੀ ਸੰਸਾਰ
(ਤਿਮਾਹੀ)

ਜਿਲਦ 13, ਅੰਕ 3 ਜੁਲਾਈ - ਸਤੰਬਰ 2023

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਭਾਰਤ ਦਾ ਨਵਾਂ ਪਾਰਲੀਮੈਂਟ ਭਵਨ

ਤੱਤਕਰਾ

ਕੀ	ਕਿੱਥੇ
ਸੰਪਾਦਕੀ - ਭਾਰਤ ਵਿੱਚ ਲੋਕਤੰਤਰ ਦਾ ਭਵਿੱਖ	3-4
ਸੈਣੀ ਕੌਮ ਦਾ ਗੌਰਵਮਈ ਇਤਿਹਾਸ	5-6
ਸੈਣੀ ਭਵਨ ਦੀਆਂ ਸਰਗਰਮੀਆਂ	7-9
ਗਜ਼ਲ	9
ਦੁਨੀਆਂ ਵਿੱਚ ਆਰਥਿਕਤਾ ਨੂੰ ਕੌਣ ਕੰਟਰੋਲ ਕਰ ਰਿਹਾ ਹੈ?	10-12
ਕਵਿਤਾ	12
ਹੱਡਬੀਤੀ - ਆ ਗੇ ਓਏ ਪਾਕਿਸਤਾਨੀ ਫ਼ੌਜੀ	13-14
ਗਜ਼ਲ	14
Donors of Saini Bhawan	15
ਦਿੱਲੀ ਜਿੱਤਣ ਵਾਲਾ - ਜਥੇਦਾਰ ਬਘੇਲ ਸਿੰਘ	16-17
ਜੱਗਬੀਤੀ - ਦਸਵੰਧ	18
New Life Members of Saini Bhawan	19
ਬੋਲੀਆਂ ਚੋਂ ਬੋਲੀ 'ਪੰਜਾਬੀ ਬੋਲੀ'	20-21
ਹੱਡੀਆਂ ਦਾ ਖੁਰਨਾ ਅਤੇ ਇਸ ਤੋਂ ਬਚਾਅ	22
ਕਹਾਣੀ - ਧੁੰਦ 'ਚ ਲੋਅ	23
A Great Philanthropist Smt. Rao Kaur Saini	24
ਗੁਰਦੁਆਰੇ ਬਣਨ ਮਾਨਵੀ ਸਰੋਕਾਰਾਂ ਦੇ ਕੇਂਦਰ	25
ਕਵਿਤਾ - ਖੱਬਲ	26
ਦੁਨੀਆਂ ਦਾ ਸਭ ਤੋਂ ਉੱਚਾ ਮਨੁੱਖ	27
ਪਹਾੜ ਦੀ ਯਾਤਰਾ	28-29
ਹੱਸਦਿਆਂ ਦੇ ਘਰ ਵਸਦੇ	30-31
ਭਾਰਤ ਦਾ ਨਵਾਂ ਸੰਸਦੀ ਭਵਨ	32
Matrimonials	33-38
ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ	39
Managing Committee of Saini Bhawan Rupnagar	40

"ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

	ਇੱਕ ਕਾਪੀ	ਸਾਲਾਨਾ (ਚਾਰ ਕਾਪੀਆਂ)
ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ)	: 3500 ਰੁ:	13000 ਰੁ:
ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ)	: 3000 ਰੁ:	11000 ਰੁ:
ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 2000 ਰੁ:	7000 ਰੁ:
ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ)	: 2500 ਰੁ:	9000 ਰੁ:
ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 1500 ਰੁ:	5500 ਰੁ:
ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ)	: 2000 ਰੁ:	7000 ਰੁ:
ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ)	: 1300 ਰੁ:	5000 ਰੁ:
ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ.	: 500 ਰੁ:	8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

ਭਾਰਤ ਵਿੱਚ ਲੋਕਤੰਤਰ ਦਾ ਭਵਿੱਖ

ਅਜਮੇਰ ਸਿੰਘ (ਡਾ.)
ਰੂਪਨਗਰ

28 ਮਈ, 2023 ਦਾ ਦਿਨ ਭਾਰਤ ਦੇ ਰਾਜਨੀਤਿਕ ਇਤਿਹਾਸ ਲਈ ਵਿਸ਼ੇਸ਼ ਬਣ ਗਿਆ ਹੈ। ਇਸ ਦਿਨ ਰਾਜਤੰਤਰ ਅਤੇ ਲੋਕਤੰਤਰ ਵਿਚਕਾਰ ਮੰਦਭਾਗਾ ਟਕਰਾ ਦੇਖਣ ਵਿੱਚ ਆਇਆ। ਇਸ ਦਿਨ ਨਵੇਂ ਸੰਸਦੀ ਭਵਨ ਦਾ ਉਦਘਾਟਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੁੱਝ ਪਲ ਅਜਿਹੇ ਹੁੰਦੇ ਹਨ ਜਿਹੜੇ ਹਮੇਸ਼ਾਂ ਲਈ ਅਮਰ ਹੋ ਕੇ ਇਤਿਹਾਸ ਦਾ ਅਮਿਟ ਹਸਤਾਖਰ ਬਣ ਜਾਂਦੇ ਹਨ। ਉਨ੍ਹਾਂ ਨੇ ਆਸ ਪ੍ਰਗਟ ਕੀਤੀ ਕਿ ਨਵੀਂ ਸੰਸਦ ਵਿੱਚ ਜਿਹੜੇ ਨੁਮਾਇੰਦੇ ਬੈਠਣਗੇ ਉਹ ਨਵੀਂ ਪ੍ਰੇਰਣਾ ਨਾਲ ਲੋਕਤੰਤਰ ਨੂੰ ਨਵੀਂ ਦਿਸ਼ਾ ਦੇਣ ਦਾ ਯਤਨ ਕਰਨਗੇ। ਇਸ ਸਮੇਂ ਹੀ ਜਦੋਂ ਇਨਸਾਫ ਦੀ ਮੰਗ ਕਰਦੀਆਂ ਪ੍ਰਦਰਸ਼ਨਕਾਰੀ ਪਹਿਲਵਾਨ ਮਹਿਲਾਵਾਂ ਅਤੇ ਉਨ੍ਹਾਂ ਦੇ ਸਮਰਥਕ ਲੋਕਤੰਤਰ ਦੇ ਮੰਦਰ ਇਸ ਨਵੇਂ ਸੰਸਦ ਭਵਨ ਵੱਲ ਪੈਦਲ ਵਧ ਰਹੇ ਸਨ ਤਾਂ ਪੁਲਿਸ ਨੇ ਕੌਮਾਂਤਰੀ ਪੱਧਰ ਦੀਆਂ ਮਹਿਲਾ ਪਹਿਲਵਾਨਾਂ ਸਾਕਸੀ ਮਲਿਕ ਅਤੇ ਵਿਨੇਸ਼ ਫੋਗਾਟ ਸਮੇਤ ਸੌ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਜੰਤਰ-ਮੰਤਰ 'ਤੇ ਉਨ੍ਹਾਂ ਦੇ ਧਰਨੇ ਵਾਲੀ ਥਾਂ ਨੂੰ ਖਾਲੀ ਕਰਵਾਉਣ ਲਈ ਉਨ੍ਹਾਂ ਦੇ ਟੈਂਟ ਉਖਾੜ ਦਿੱਤੇ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਰਾਜਿਸਥਾਨ ਤੋਂ ਸੜਕਾਂ ਰਾਹੀਂ ਪ੍ਰਦਰਸ਼ਨਕਾਰੀਆਂ ਦੀ ਹਮਾਇਤ ਵਿੱਚ ਆਉਣ ਵਾਲੇ ਕਿਸਾਨਾਂ ਦੇ ਕਾਫ਼ਲਿਆਂ ਨੂੰ ਗਾਜ਼ੀਪੁਰ, ਸਿੰਘੂ ਅਤੇ ਟਿੱਕਰੀ ਬਾਰਡਰਾਂ 'ਤੇ ਰੋਕ ਲਿਆ ਗਿਆ। ਪੁਲਿਸ ਅਨੁਸਾਰ ਪ੍ਰਦਰਸ਼ਨਕਾਰੀਆਂ ਦੇ ਸੰਸਦ ਭਵਨ ਪਹੁੰਚ ਜਾਣ ਨਾਲ ਰਾਸ਼ਟਰ ਦੇ ਮਾਣ ਨੂੰ ਠੇਸ ਪੁੱਜ ਸਕਦੀ ਸੀ।

ਪੁਲਿਸ ਦੀ ਇਸ ਗੈਰਕਾਨੂੰਨੀ ਧੱਕੇਸ਼ਾਹੀ ਦੀਆਂ ਤਸਵੀਰਾਂ ਅਖਬਾਰਾਂ, ਟੈਲੀਵਿਯਨ ਅਤੇ ਸੋਸ਼ਲ ਮੀਡੀਆ ਰਾਹੀਂ ਸਾਰੀ ਦੁਨੀਆਂ ਨੇ ਦੇਖੀਆਂ ਜਿਸ ਨਾਲ ਵਿਦੇਸ਼ਾਂ ਵਿਚ ਭਾਰਤ ਦੇ ਅਕਸ ਨੂੰ ਢਾਹ ਲੱਗੀ ਉੱਥੇ ਪ੍ਰਭਾਵ ਇਹ ਗਿਆ ਕਿ ਭਾਰਤ ਵਿੱਚ ਨੌਜਵਾਨ ਖਿਡਾਰਨਾਂ ਦਾ ਸ਼ੋਸ਼ਣ ਖੇਡ ਅਧਿਕਾਰੀ ਹੀ ਕਰ ਰਹੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ। ਸਵਾਲ ਇਹ ਹੈ ਕਿ ਕੀ ਇਨ੍ਹਾਂ ਮਹਿਲਾ ਪਹਿਲਵਾਨਾਂ ਨੂੰ ਲੋਕਤੰਤਰੀ ਆਦਰਸ਼ਾਂ ਅਨੁਸਾਰ ਆਪਣੇ 'ਤੇ ਹੋਏ ਜਬਰ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦਾ ਹੱਕ ਨਹੀਂ ਸੀ? ਜਦੋਂ ਉਹ ਮਹੀਨੇ ਭਰ ਤੋਂ ਰੋਜ਼ ਪ੍ਰਦਰਸ਼ਨ ਕਰ ਰਹੀਆਂ ਸਨ ਤਾਂ ਉਨ੍ਹਾਂ ਦੀ ਆਵਾਜ਼ ਸੁਣੀ ਨਹੀਂ ਸੀ ਜਾਣੀ ਚਾਹੀਦੀ? ਕੀ ਜਮਹੂਰੀਅਤ ਨੂੰ ਇਸ ਵਕਤ ਨਵੀਂ ਇਮਾਰਤ ਨਾਲੋਂ ਜਮਹੂਰੀ ਕਦਰਾਂ-ਕੀਮਤਾਂ ਦੀ ਜ਼ਿਆਦਾ ਜਰੂਰਤ ਨਹੀਂ? ਇਹ ਸਾਡੇ ਲੋਕਤੰਤਰ ਦੇ ਦੋ ਆਪਾਵਿਰੋਧੀ ਦ੍ਰਿਸ਼ ਹਨ, ਇਕ ਹੀ ਦਿਨ ਦੇ। ਇੱਕ ਪਾਸੇ ਰਾਜਤੰਤਰ ਦਾ ਜਾਹੋਜਲਾਲ, ਅਤੀਤ ਦਾ ਜਸ਼ਨ ਤੇ ਦੂਜੇ ਪਾਸੇ ਪਿਸਦਾ ਹੋਇਆ ਅਜੋਕਾ ਲੋਕਤੰਤਰ।

ਇਕ ਨਾਬਾਲਗ ਸਮੇਤ ਸੱਤ ਮਹਿਲਾ ਪਹਿਲਵਾਨਾਂ ਨੇ ਭਾਜਪਾ ਦੇ ਸੰਸਦ ਮੈਂਬਰ ਅਤੇ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸਰਨ ਸਿੰਘ ਵਿਰੁੱਧ ਉਨ੍ਹਾਂ ਦਾ ਸਰੀਰਿਕ ਸੋਸ਼ਣ ਕਰਨ ਅਤੇ ਧਮਕੀਆਂ ਦੇਣ ਦੇ ਦੋਸ਼ ਲਾਏ ਹਨ। ਇਸ ਜ਼ੋਰਾਵਰ ਤੇ ਹੰਕਾਰੀ ਅਧਿਕਾਰੀ ਨੇ ਪਹਿਲਵਾਨਾਂ ਦੇ ਕੌਮਾਂਤਰੀ ਸੋਨ ਤਮਗਿਆਂ ਦੀ ਕੀਮਤ ਕੇਵਲ ਪੰਦਰਾਂ ਰੁਪਏ ਕਹਿ ਕੇ ਖਿਡਾਰੀਆਂ ਦੀ ਮਿਹਨਤ ਤੇ ਸਫ਼ਲਤਾ ਦਾ ਮਜ਼ਾਕ ਉਡਾਇਆ। ਇਹ ਇੱਕ ਤਰ੍ਹਾਂ ਨਾਲ ਸਾਰੇ ਖਿਡਾਰੀਆਂ ਅਤੇ ਦੇਸ਼ ਦਾ ਅਪਮਾਨ ਹੈ। ਇਸ ਦੇ ਬਾਵਜੂਦ ਪੁਲਿਸ ਨੇ ਬੇਲੋੜੀ ਦੇਰੀ ਤੋਂ ਬਾਅਦ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਇਸ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਹੈ। ਆਪਣੇ ਸਾਲਾਂ ਬੱਧੀ ਅਭਿਆਸ ਨਾਲ ਹਾਸਲ ਕੀਤੇ ਤਮਗਿਆਂ ਦੀ ਬੇਕਦਰੀ ਨੂੰ ਨਾ ਸਹਾਰਦਿਆਂ ਪਹਿਲਵਾਨਾਂ ਨੇ ਪ੍ਰਤੀਕਮਈ ਰੋਸ ਵਜੋਂ 30 ਮਈ ਨੂੰ ਇਨ੍ਹਾਂ ਤਮਗਿਆਂ ਨੂੰ ਹਰਿਦੁਆਰ ਵਿਖੇ ਗੰਗਾ ਦੇ ਪਵਿੱਤਰ ਜਲ ਵਿੱਚ ਪ੍ਰਵਾਹ ਕਰਨ ਦਾ ਪ੍ਰੋਗਰਾਮ ਬਣਾਇਆ ਜੋ ਕੁੱਝ ਇਨਸਾਫ਼ਪਸੰਦ ਦੇਸ਼ਭਗਤ ਵਿਅਕਤੀਆਂ ਦੇ ਰੋਕਣ 'ਤੇ ਅੱਗੇ ਪਾ ਦਿੱਤਾ ਗਿਆ।

ਹੁਣ 15 ਜੂਨ ਨੂੰ ਦਿੱਲੀ ਪੁਲਿਸ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਵਿਰੁੱਧ ਮਹਿਲਾ ਪਹਿਲਵਾਨਾਂ ਦਾ ਸਰੀਰਕ ਸੋਸ਼ਣ ਕਰਨ ਦਾ ਦੋਸ਼-ਪੱਤਰ ਅਦਾਲਤ ਵਿੱਚ ਦਾਇਰ ਕੀਤਾ ਹੈ। ਇਸ ਵਿੱਚ ਜੋ ਦੋਸ਼ ਦਰਜ ਕੀਤੇ ਗਏ ਹਨ ਉਹ ਸਿੱਧ ਹੋ ਜਾਣ ਨਾਲ ਦੋਸ਼ੀ ਨੂੰ ਵੱਧ ਤੋਂ ਵੱਧ ਤਿੰਨ ਸਾਲ ਦੀ ਕੈਦ ਹੋ ਸਕਦੀ ਹੈ ਜਿਸ ਲਈ ਦੋਸ਼ਅਧੀਨ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦੀ ਲੋੜ ਨਹੀਂ। ਇਸ ਦੇ ਨਾਲ ਹੀ ਪੁਲਿਸ ਨੇ ਨਾਬਾਲਗ ਮਹਿਲਾ ਪਹਿਲਵਾਨ ਦੇ ਮਾਮਲੇ ਵਿੱਚ ਉਸ ਦੇ ਪਿਤਾ ਵਲੋਂ ਸ਼ਿਕਾਇਤ ਵਾਪਸ ਲਏ ਜਾਣ ਕਾਰਨ ਕੇਸ ਨੂੰ ਰੱਦ ਕਰਨ ਦੀ ਸਿਫ਼ਾਰਿਸ਼ ਕੀਤੀ ਹੈ। ਨਾਬਾਲਗ ਦੇ ਜਿਨਸੀ ਸੋਸ਼ਣ ਦਾ ਦੋਸ਼ ਪੋਕਸੋ (ਪਰੋਟੈਕਸ਼ਨ ਆਫ਼ ਚਿਲਡਰਨ ਫ਼ਰਾਮ ਸੈਕਸੁਅਲ ਉਫੈਂਸਸ) ਐਕਟ ਅਧੀਨ ਆਉਂਦਾ ਹੈ ਜਿਸ ਵਿੱਚ ਦੋਸ਼ੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦਾ ਉਪਬੰਧ ਹੈ। ਪਰ ਇਸ ਕੇਸ ਵਿੱਚ ਅਜਿਹਾ ਨਹੀਂ ਕੀਤਾ ਗਿਆ। ਸਪਸ਼ਟ ਹੈ ਕਿ ਹੁਕਮਰਾਨ ਪਾਰਟੀ ਦੇ ਦਬਾਅ ਅਧੀਨ ਮਹਿਲਾ ਪਹਿਲਵਾਨਾਂ ਦੀ ਬ੍ਰਿਜ ਭੂਸ਼ਨ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਮੰਨੀ ਨਹੀਂ ਗਈ। ਹੁਣ ਪ੍ਰਦਰਸ਼ਨਕਾਰੀ ਪਹਿਲਵਾਨਾਂ ਦੇ ਜੰਤਰ-ਮੰਤਰ 'ਤੇ ਜਾਣ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਇਹ ਸਥਾਨ ਰੋਸ-ਮੁਜ਼ਾਹਰੇ ਕਰਨ ਲਈ ਜਾਣਿਆਂ ਜਾਂਦਾ ਹੈ ਅਤੇ ਪਹਿਲਵਾਨਾਂ ਨੂੰ ਇੱਥੇ

ਜਾਣ ਤੋਂ ਰੋਕਣਾ ਉਨ੍ਹਾਂ ਦੇ ਪ੍ਰਦਰਸ਼ਨ ਕਰਨ ਦੇ ਹੱਕ ਨੂੰ ਖੋਹਣਾ ਹੈ।

ਜੇਕਰ ਭਾਜਪਾ ਸਰਕਾਰ ਮਹਿਲਾ ਪਹਿਲਵਾਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਪ੍ਰਤਿ ਇਮਾਨਦਾਰ ਹੁੰਦੀ ਤਾਂ ਅਜਿਹੀ ਮੰਦਭਾਗੀ ਸਥਿਤੀ ਪੈਦਾ ਨਾ ਹੁੰਦੀ। ਹੈਰਾਨੀ ਦੀ ਗੱਲ ਹੈ ਕਿ ਸੱਤਾਧਾਰੀ ਪਾਰਟੀ ਦਾ ਕੋਈ ਵੀ ਨੁਮਾਇੰਦਾ ਨਾ ਤਾਂ ਪ੍ਰਦਰਸ਼ਨਕਾਰੀਆਂ ਨੂੰ ਮਿਲਣ ਗਿਆ ਅਤੇ ਨਾ ਹੀ ਉਨ੍ਹਾਂ ਨੂੰ ਗੱਲਬਾਤ ਲਈ ਸੱਦਿਆ ਗਿਆ। ਇਹ ਸੱਤਾਮਈ ਹਉਮੈਂ ਦੀ ਸਿਖਰ ਹੈ। ਸਰਕਾਰਾਂ ਔਰਤਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਨ ਦੇ ਦਮਗਜ਼ੇ ਮਾਰਦੀਆਂ ਰਹਿੰਦੀਆਂ ਹਨ ਪਰ ਅਮਲੀ ਰੂਪ ਵਿੱਚ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਸੁਣਨ ਦੀ ਵੀ ਖੇਚਲ ਨਹੀਂ ਕੀਤੀ ਜਾਂਦੀ।

ਇਸ ਦੇ ਬਾਵਜੂਦ ਇੱਕ ਤਾਕਤਵਰ ਵਿਅਕਤੀ ਵਿਰੁੱਧ ਦੋਸ਼-ਪੱਤਰ ਦਾਖਲ ਹੋਣਾ ਮਹਿਲਾ ਪਹਿਲਵਾਨਾਂ ਦੀ ਅਹਿਮ ਜਿੱਤ ਹੈ। ਇਸ ਅੰਦੋਲਨ ਨਾਲ ਭਾਰਤ ਦੇ ਖੇਡ ਇਤਿਹਾਸ ਅਤੇ ਔਰਤਾਂ ਦੇ ਸੰਘਰਸ਼ ਵਿੱਚ ਨਵੀਂ ਸ਼ੁਰੂਆਤ ਹੋਈ ਹੈ। ਮਹਿਲਾ ਪਹਿਲਵਾਨਾਂ ਦੀ ਹਿੰਮਤ ਦੀ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨੇ ਮਰਦ-ਪ੍ਰਧਾਨ ਸਮਾਜਿਕ ਰਵਾਇਤਾਂ ਅਤੇ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ ਸੰਘਰਸ਼ ਜਾਰੀ ਰੱਖਿਆ। ਸਾਰੇ ਵਰਗਾਂ ਦੇ ਲੋਕਾਂ, ਕਿਸਾਨ ਤੇ ਔਰਤ ਜਥੇਬੰਦੀਆਂ ਅਤੇ ਅਖੌਤੀ ਰੂੜੀਵਾਦੀ ਖਾਪ ਪੰਚਾਇਤਾਂ ਨੇ ਆਪਣੀਆਂ ਧੀਆਂ ਦਾ ਸਾਥ ਦਿੱਤਾ ਹੈ। ਮਹਿਲਾ ਪਹਿਲਵਾਨਾਂ ਦੀ ਹਿੰਮਤ, ਹੌਸਲਾ ਤੇ ਜੇਰਾ ਅਦੁਤੀ ਹਨ। ਇਸ ਨਾਲ ਦੇਸ਼ ਦੀਆਂ ਔਰਤਾਂ ਦੀ ਨਵੀਂ ਪਛਾਣ ਸਾਹਮਣੇ ਆਈ ਹੈ। ਇਨ੍ਹਾਂ ਨੌਜਵਾਨ ਬੱਚੀਆਂ ਨੇ ਹਿੰਮਤ ਕਰ ਕੇ ਆਪਣੇ ਨਾਲ ਹੋਈ ਧੱਕੇਸ਼ਾਹੀ ਵਿਰੁਧ ਜੋ ਸੰਘਰਸ਼ ਵਿੱਢਿਆ ਹੈ ਇਹ ਵਰਤਮਾਨ ਹਾਲਾਤਾਂ ਵਿੱਚ ਬਹੁਤ ਮਹੱਤਵਪੂਰਨ ਹੈ।

ਦੇਸ਼ ਲਈ ਕੌਮਾਂਤਰੀ ਮੁਕਾਬਲਿਆਂ ਦੇ ਤਮਗੇ ਜਿੱਤਣ ਵਾਲੇ ਖਿਡਾਰੀਆਂ ਦੀ ਗੱਲ ਠਰ੍ਹਮੇ ਨਾਲ ਸੁਣੀ ਜਾਣੀ ਚਾਹੀਦੀ ਹੈ। ਉਨ੍ਹਾਂ ਨਾਲ ਅੱਤਵਾਦੀਆਂ ਵਾਲਾ ਵਿਹਾਰ ਕਰਨਾ ਭਾਰਤੀ ਜਮਹੂਰੀਅਤ ਲਈ ਸ਼ੁੱਭ ਸ਼ਗਨ ਨਹੀਂ ਹੈ। ਸਵਾਲ ਇਹ ਉੱਠਦਾ ਹੈ ਕਿ ਜੇ ਜਾਣੀਆਂ ਪਛਾਣੀਆਂ ਖਿਡਾਰਨਾਂ ਦੀ ਗੱਲ ਨਹੀਂ ਸੁਣੀ ਜਾ ਰਹੀ ਤਾਂ ਆਮ ਔਰਤਾਂ ਲਈ ਆਪਣੀ ਮੁਸ਼ਕਲ ਪੇਸ਼ ਕਰਨੀ ਕਿੰਨੀ ਔਖੀ ਹੋਵੇਗੀ? ਸ਼ਚੁਮੱਚ ਦੇਸ਼ ਵਿੱਚ ਲੋਕਤੰਤਰ ਦੀ ਹੋਂਦ ਖ਼ਤਰੇ ਵਿੱਚ ਹੈ। ਇਸ ਕਰਕੇ ਸਾਰੇ ਸੁਹਿਰਦ ਲੋਕਾਂ ਅਤੇ ਜਮਹੂਰੀ ਜਥੇਬੰਦੀਆਂ ਨੂੰ ਪੀੜਤ ਖਿਡਾਰਨਾਂ ਦੇ ਅੰਦੋਲਨ ਨੂੰ ਸਫ਼ਲ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਲੋਕਤੰਤਰ ਨੂੰ ਬਚਾਇਆ ਜਾ ਸਕੇ।

❊ ❊ ❊ ❊ ❊

ਸਭ ਤੋਂ ਖਤਰਨਾਕ ਹੁੰਦਾ ਹੈ,
ਮੁਰਦਾ ਸ਼ਾਂਤੀ ਨਾਲ ਭਰ ਜਾਣਾ।
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ।

– ਪਾਸ਼

NEW FIVE YEAR MEMBERS OF "SAINI SANSAR"

Compiled by
Jagdev Singh
Saini Bhawan, Rupnagar

Continued from page 17 of 48th Issue

1085. **S. Rameshwar Singh**
44-C, Chandigarh
1086. **Dr. Ranbir Singh Balgir**
Dasmesh Nagar, Kharar
1087. **S. Gurmail Singh**
Gilco Valley, Ropar
1088. **S. Jagga Singh Nikuwal**
Vill. Nikkuwal, Distt. Ropar
1089. **S. Jujhar Singh ASI**
Vill. Badal, Distt. Ropar
1090. **S. Manjit Singh**
VPO Panjour, Distt. Hoshiarpur
1091. **S. Jaswinder Singh**
Power Colony, Ropar
1092. **S. Jatinder Singh Saini**
New Subhash Nagar, Ludhiana
1093. **S. Manjit Singh**
Sukhrampur Tapprian, Ropar
1094. **S. Harjinder Singh Longia**
Vill. Gajpur Bela, Distt. Ropar
1095. **Ambala Circle Saini Sabha**
Ambala
1096. **S. Balwinder Singh**
Gobind Valley, Ropar
1097. **Sh. Ajay Saini**
Ropar
1098. **S. Surinder Singh**
Sheikhan Mohalla, Ropar
1099. **S. Nirmal Singh**
VPO Bela, Distt. Ropar
1100. **S. Pardumhan Singn**
Malhotra Colony, Ropar
1101. **S. Hazura Singh**
Kirti Vihar, Ropar
1102 **Gurmail Singh Sarpanch**
Vill. Kotla Tapprian, Ropar
1103. **Er. Karnail Singh**
Hargobind Nagar, Ropar

continued at page 19.....

ਸੈਣੀ ਕੌਮ ਦਾ ਗੌਰਵਮਈ ਇਤਿਹਾਸ

ਸੈਣੀ ਕੌਮ, ਉੱਤਰੀ ਭਾਰਤ ਦੀਆਂ ਪ੍ਰਮੁੱਖ ਜਾਤਾਂ ਵਿੱਚੋਂ ਇੱਕ ਹੈ। ਇਸ ਨੇ ਆਪਣੇ ਸਬਰ, ਸਿਦਕ ਅਤੇ ਸਿਰੜ ਸਦਕਾ ਇਤਿਹਾਸ ਵਿੱਚ ਪਛਾਣ ਬਣਾਈ ਹੈ। ਇਨ੍ਹਾਂ ਨੇ ਕਦੇ ਕਿਸੇ ਦੀ ਗੁਲਾਮੀ ਨਹੀਂ ਕੀਤੀ, ਨਾ ਕਿਸੇ ਨੂੰ ਗੁਲਾਮ ਬਣਾਇਆ ਹੈ। ਇਸ ਨੇ ਕਿਸੇ ਵੱਲ ਨਾ ਝਾਕ ਰੱਖੀ ਹੈ ਅਤੇ ਨਾ ਰੱਖਣੀ ਹੈ। ਇਹ ਹੀ ਇਸ ਕੌਮ ਦਾ ਮੁੱਖ ਖਾਸਾ ਹੈ। ਨਸਲ ਇਕਨਾਲੌਜੀ ਲਿਖਣ ਵਾਲਿਆਂ-ਰੋਜ਼, ਕਨਿੰਘਮ, ਮੈਕਾਲਫ, ਕਰਨਲ ਟਾਡ ਅਤੇ ਕਰਨਲ ਮਿਊਦੇ ਆਦਿ ਨੇ ਜਾਤਾਂ ਦੇ ਵਰਤਾਰੇ ਤੇ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੱਤੀ ਹੈ। ਅੰਗ੍ਰੇਜ਼ ਇਤਿਹਾਸਕਾਰਾਂ ਨੇ ਪਹਿਲਾਂ ਸੰਸਕ੍ਰਿਤ ਸਿੱਖੀ, ਫਿਰ ਉਪਨਿਸ਼ਦਾਂ ਤੇ ਪੁਰਾਣਾ ਦਾ ਅਧਿਐਨ ਕਰ ਕੇ ਜਾਤਾਂ ਬਾਰੇ ਜਾਣਕਾਰੀ ਦਿੱਤੀ ਹੈ। ਪ੍ਰੋਫੈਸਰ ਕਰਤਾਰ ਸਿੰਘ ਸੈਣੀ ਖਾਲਸਾ ਕਾਲਜ ਅੰਮ੍ਰਿਤਸਰ ਨੇ 1964 ਵਿੱਚ ਲਿਖੀ ਆਪਣੀ ਪੁਸਤਕ ' ਆਰੇਜਨ ਆਫ ਸੈਣੀ ਕਾਸਟ' ਵਿੱਚ 200 ਦੇ ਕਰੀਬ ਹਵਾਲੇ ਦਿੱਤੇ ਹਨ।

ਅਰਜੁਨ ਦੁਆਰਾ ਜਾਦੋਬੰਸੀਆਂ ਨੂੰ ਪੰਜਾਬ ਵਿੱਚ ਵਸਾਉਣ ਦਾ ਪ੍ਰਸੰਗ ਵਿਸ਼ਨੂੰ ਪੁਰਾਣ ਵਿੱਚ ਆਉਂਦਾ ਹੈ। ਕ੍ਰਿਸ਼ਨ ਜੀ ਦੇ ਪੜਪੋਤੇ ਬੱਜਰ ਨੂੰ ਮਥਰਾ ਦਾ ਰਾਜਾ ਬਣਾਉਣ ਦਾ ਜਿਕਰ ਸ੍ਰੀਮਦ ਭਗਵਤ ਪੁਰਾਣ ਦਸਵੇਂ ਸਕੰਧ ਵਿੱਚ ਆਉਂਦਾ ਹੈ। ਇਨ੍ਹਾਂ ਦੇ ਵੰਸ਼ਜਾਂ ਨੇ ਅਫ਼ਗਾਨਿਸਤਾਨ ਤੱਕ ਦਾ ਇਲਾਕਾ ਜਿੱਤ ਲਿਆ ਸੀ। ਗਜ਼ਨੀ ਸ਼ਹਿਰ ਸੈਣੀ ਜਾਦੋਬੰਸੀਆਂ ਅਰਥਾਤ ਸੂਰਸੈਣੀ ਰਾਜਾ ਗੱਜ ਮਹਾਰਾਜ ਨੇ ਵਸਾਇਆ ਸੀ। ਅਲ-ਮਸੂਦੀ, ਅਦਬੁਲ ਮੁਲੂਕ ਤੇ ਫ਼ਰਿਸ਼ਤਾ ਵਰਗੇ ਅਰਬੀ ਤੇ ਤੁਰਕ ਇਤਿਹਾਸਕਾਰਾਂ ਨੇ ਵੀ ਅਫ਼ਗਾਨਿਸਤਾਨ ਤੇ ਪੰਜਾਬ ਦੇ ਕਾਬੂਲਸ਼ਾਹੀ ਸੈਣੀ ਰਾਜਿਆਂ ਨੂੰ ਜਾਦੋਬੰਸੀ ਕੱਸ਼ਤਰੀ ਦੱਸਿਆ ਹੈ। ਕਸ਼ਮੀਰ ਦੇ ਇਤਿਹਾਸ ਗ੍ਰੰਥ' ਰਾਜਤ੍ਰੰਗਨੀ' ਦੇ ਲੇਖਕ ਕਲਹਣ ਦਾ ਵੀ ਇਹ ਹੀ ਮੱਤ ਹੈ। ਇਤਿਹਾਸਕਾਰ ਰਾਜਾ ਪੋਰਸ ਨੂੰ ਸੂਰਸੈਣੀ ਜਾਦੋਬੰਸੀ ਅਰਥਾਤ ਸੈਣੀ ਮੰਨਦੇ ਹਨ। ਯੂਨਾਨੀ ਲੇਖਕ ਮੈਗਸਥਨੀਜ਼ ਜਦੋਂ ਭਾਰਤ ਆਇਆ ਉਸ ਨੇ ਮਥੁਰਾ ਦਾ ਰਾਜ ਸੂਰਸੈਣੀਆਂ ਹੇਠ ਦੱਸਿਆ। ਉਸ ਨੇ ਸੈਣੀਆਂ ਦੇ ਪੁਰਖਿਆਂ ਨੂੰ ਯੂਨਾਨੀ ਭਾਸ਼ਾ ਵਿੱਚ ਸੋਰਸੋਨੇਈ ਦੇ ਨਾਮ ਨਾਲ ਸੰਬੋਧਿਤ ਕੀਤਾ। ਇਹ ਉਸ ਦਾ ਲਿਖਿਆ ਹੋਇਆ ਗ੍ਰੰਥ 'ਇੰਡੀਕਾ' ਪ੍ਰਮਾਣਿਤ ਕਰਦਾ ਹੈ ਜੋ ਅੱਜ ਵੀ ਉਪਲਬਧ ਹੈ। ਬਾਅਦ ਵਿੱਚ ਮਥੁਰਾ 'ਤੇ ਮੋਰੀਆ ਦਾ ਰਾਜ ਹੋ ਗਿਆ। ਉਸ ਤੋਂ ਬਾਅਦ ਮਥੁਰਾ 'ਤੇ ਕੁਸ਼ਨਾ ਤੇ ਸੂਦਰ ਰਾਜਿਆਂ ਦਾ ਰਾਜ ਵੀ ਰਿਹਾ। ਕਿਹਾ ਜਾਂਦਾ ਹੈ ਕਿ ਸੱਤਵੀਂ ਸ਼ਤਾਬਦੀ ਵਿੱਚ ਸਿੰਧ ਜਿੱਥੇ ਭੱਟੀ ਸੈਣੀਆਂ ਦਾ ਪ੍ਰਭਾਵ ਸੀ, ਤੋਂ ਭੱਜੇ ਜਾਦੋਬੰਸੀ ਮਥੁਰਾ ਵਾਪਸ ਆ ਗਏ ਤੇ ਉਨ੍ਹਾਂ ਨੇ ਇਹ ਖੇਤਰ ਫਿਰ ਜਿੱਤ ਲਿਆ। ਇਨ੍ਹਾਂ ਰਾਜਿਆਂ ਦੀ ਵੰਸਾਵਲੀ ਰਾਜਾ ਧਰਮਪਾਲ ਤੋਂ ਸ਼ੁਰੂ ਹੁੰਦੀ ਹੈ ਜੋ ਸ੍ਰੀ ਕ੍ਰਿਸ਼ਨ ਦੇ ਵੰਸ਼ਜ ਸਨ। ਇਹ ਜਾਦੋਬੰਸੀ ਰਾਜਾ, ਸੂਰਸੈਣੀ ਜਾਂ ਸੈਣੀ ਕਹਿਲਾਏ। ਕਮਾਨ ਦੇ ਚੋਸਟ ਖਾਮ੍ਰਥ ਸ਼ਿਲਾਲੇਖ ਨੂੰ ਵੀ ਇਨ੍ਹਾਂ ਰਾਜਿਆਂ ਨਾਲ ਜੋੜਿਆ ਜਾਂਦਾ ਹੈ ਤੇ ਇਸ ਤੱਥ ਨੂੰ ਕੋਈ ਵੀ ਇਤਿਹਾਸਕਾਰ ਚੁਣੌਤੀ ਨਹੀਂ ਦੇ ਸਕਦਾ। ਵਰਤਮਾਨ ਵਿੱਚ ਰਾਜਿਸਥਾਨ ਵਿੱਚ ਕਰੋਲੀ ਦਾ ਰਾਜ ਘਰਾਣਾ ਵੀ ਇਨ੍ਹਾਂ ਸੈਣੀ ਰਾਜਿਆਂ ਦਾ ਵੰਸ਼ਜ ਹੈ।

11ਵੀਂ ਸ਼ਤਾਬਦੀ ਵਿੱਚ ਭਾਰਤ ਉੱਤੇ ਗਜ਼ਨੀ ਦੇ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋਏ। ਇਨ੍ਹਾਂ ਹਮਲਿਆਂ ਦੌਰਾਨ ਲਾਹੌਰ ਦੇ ਕਾਬੁਲਸ਼ਾਹੀ ਹਿੰਦੂਸ਼ਾਹੀ ਰਾਜਿਆਂ ਨੇ ਭਾਰਤ ਦੇ ਵੱਖ ਵੱਖ ਰਾਜਪੂਤਾਂ ਤੋਂ ਮਦਦ ਮੰਗੀ। ਇਸ ਸਮੇਂ ਦੌਰਾਨ ਮਥੁਰਾ, ਭਟਨੌਰ, ਦਿੱਲੀ, ਬਯਾਨਾ, ਪੁੱਗਲ ਅਤੇ ਜੰਗਲ ਦੇਸ਼ (ਅੱਜ ਦਾ ਉਤਰੀ ਰਾਜਿਸਥਾਨ) ਆਦਿ ਜਾਦੋਬੰਸੀ ਸੈਣੀ ਰਾਜਪੂਤ ਟਿਕਾਣਿਆਂ ਤੋਂ ਕਾਬੁਲਸ਼ਾਹੀਆਂ ਦੀ ਰੱਖਿਆ ਲਈ ਮਦਦ ਭੇਜੀ ਗਈ। ਤੋਮਰ, ਜਾਦੋ ਅਤੇ ਭੱਟੀ ਰਾਜਪੂਤ ਸੂਰਸੈਣੀ ਕਸ਼ਤਰੀਆਂ ਦੀਆਂ ਹੀ ਸ਼ਾਖਾਵਾਂ ਨੇ ਅਤੇ ਪੰਜਾਬ ਦੇ ਸੈਣੀ ਭਾਈਚਾਰੇ ਵਿੱਚ ਅੱਜ ਵੀ ਇਨ੍ਹਾਂ ਤਿੰਨ ਸ਼ਾਖਾਵਾਂ ਦੇ ਗੋਤ ਮਿਲਦੇ ਹਨ। ਪੰਜਾਬ ਵਿੱਚ ਸੈਣੀਆਂ ਦੇ 70% ਗੋਤਰ ਭੱਟੀ ਸ਼ਾਖਾ ਤੋਂ ਹਨ। ਇਨ੍ਹਾਂ ਨੇ ਪੰਜਾਬ ਵਿੱਚ ਬਹੁਤ ਵੱਡਾ ਇਲਾਕਾ ਤੁਰਕ ਮੁਸਲਮਾਨਾਂ ਤੋਂ ਦੁਬਾਰਾ ਜਿੱਤ ਲਿਆ ਅਤੇ ਪੰਜਾਬ ਦੇ ਜਲੰਧਰ ਖੇਤਰ ਵਿੱਚ ਆਪਣਾ ਰਾਜ ਕਾਇਮ ਕੀਤਾ ਜਿਸ ਦੀ ਰਾਜਧਾਨੀ ਧਮੇੜੀ (ਅੱਜ ਦਾ ਹਿਮਾਚਲ ਪ੍ਰਦੇਸ਼ ਵਿੱਚ ਨੂਰਪੁਰ) ਸੀ। ਧਮੇੜੀ ਦਾ ਨਾਮ ਕ੍ਰਿਸ਼ਨਵੰਸ਼ੀ ਰਾਜਾ ਧਰਮਪਾਲ ਦੇ ਨਾਮ ਨਾਲ ਸਬੰਧਿਤ ਹੈ। ਸੈਣੀ ਅਤੇ ਪਠਾਣੀਆ ਰਾਜਪੂਤਾਂ ਦੇ ਧਮੜੈਤ(ਧਮੜੋਲ) ਗੋਤ ਦੀ ਉਤਪਤੀ ਇਨ੍ਹਾਂ ਦੋਹਾਂ ਨਾਲ ਜੁੜੀ ਹੋਈ ਹੈ। ਧਮੇੜੀ ਦਾ ਕਿਲਾ ਅੱਜ ਵੀ ਮੌਜੂਦ ਹੈ ਅਤੇ ਉਹ ਇਸ ਤੱਥ ਦਾ ਪ੍ਰਤੀਕ ਹੈ। ਇਸ ਕਿਲੇ ਵਿੱਚ ਤੋਮਰ, ਜਾਦੋ ਅਤੇ ਭੱਟੀ ਕਸ਼ੱਤਰੀ ਅਰਥਾਤ ਸ਼ੂਰਸੈਣੀਆਂ ਦਾ ਤੁਰਕ ਮੁਸਲਮਾਨਾਂ ਨਾਲ ਘਮਸਾਨ ਦਾ ਯੁੱਧ ਹੋਇਆ ਅਤੇ ਤੁਰਕਾਂ ਦੀ ਇੱਟ ਨਾਲ ਇੱਟ ਖੜਕਾਈ। ਸ਼ੂਰਸੈਣੀਆਂ ਅਤੇ ਤੁਰਕ ਮੁਸਲਮਾਨਾਂ ਦੇ ਯੁੱਧ ਲਗਭਗ 200 ਸਾਲ ਤੱਕ ਚੱਲੇ ਤੇ ਇਹ ਯੁੱਧਖੇਤਰ ਲਾਹੌਰ ਤੋਂ ਲੈ ਕੇ ਮਥੁਰਾ ਤੱਕ ਫੈਲਿਆ ਹੋਇਆ ਸੀ।

ਇਸ ਦੌਰਾਨ ਮਥੁਰਾ, ਭਟਨੌਰ, ਪੁੱਗਲ, ਜੰਗਲਦੇਸ਼ ਤੇ ਦਿੱਲੀ ਆਦਿ ਖੇਤਰਾਂ ਤੋਂ ਤੋਮਰ,ਜਾਦੋ ਤੇ ਭੱਟੀ ਰਾਜਪੂਤਾਂ ਦਾ ਧਰਮ ਯੁੱਧ ਲਈ ਪੰਜਾਬ ਵੱਲ ਪਲਾਇਣ ਹੁੰਦਾ ਰਿਹਾ। ਤੋਮਰ, ਭੱਟੀ ਤੇ ਜਾਦੋ ਰਾਜਪੂਤਾਂ ਦੇ ਗੋਤ ਇੱਕ ਦੂਜੇ ਵਿੱਚ ਘਿਓ ਖਿਚੜੀ ਦੀ ਤਰ੍ਹਾਂ ਮਿਲੇ ਹੋਏ ਹਨ। ਕਨਿੰਘਮ ਤੇ ਕਰਨਲ ਟੋਡ ਵਰਗੇ ਇਤਿਹਾਸਕਾਰ ਇਨ੍ਹਾਂ ਨੂੰ ਇੱਕੋ ਹੀ ਮੂਲ ਦੇ ਮੰਨਦੇ ਹਨ। ਇਨ੍ਹਾਂ ਰਾਜਵੰਸ਼ਾਂ ਦੇ ਪੂਰਵ ਮੱਧਕਾਲੀਨ ਸੰਸਥਾਪਕ ਮਥੁਰਾ ਦੇ ਰਾਜਾ ਧਰਮਪਾਲ ਤੇ ਦਿੱਲੀ ਦੇ ਰਾਜਾ ਅਨੰਗਪਾਲ ਸਨ। ਪੰਜਾਬ, ਜੰਮੂ ਤੇ ਉਤਰ ਪੱਛਮ ਹਰਿਆਣਾ ਦੇ ਨੀਮ ਪਹਾੜੀ ਖੇਤਰਾਂ ਦੇ ਸੈਣੀ ਇਨ੍ਹਾਂ ਤੋਮਰ, ਭੱਟੀ ਤੇ

ਜਾਦੋ ਰਾਜਪੂਤਾਂ ਦੇ ਹੀ ਵੰਸ਼ਜ ਹਨ ਜੋ ਸਮੂਹਿਕ ਰੂਪ ਵਿੱਚ ਆਪਣੇ ਮਹਾਂਭਾਰਤ ਕਾਲ ਦੇ ਪੁਰਖਿਆਂ ਦੀ ਤਰ੍ਹਾਂ ਸੂਰਸੈਣੀ ਜਾਂ ਸੈਣੀ ਕਹਿਲਾਉਂਦੇ ਹਨ। ਪਹਾੜਾਂ ਵਿੱਚ ਵਸੇ ਡੋਗਰੇ ਰਾਜਪੂਤਾਂ ਨਾਲ ਵੀ ਇਨ੍ਹਾਂ ਦੇ ਗੋਤ ਮਿਲਦੇ ਹਨ। ਇਹ ਯਾਦ ਰਹੇ ਕਿ ਪੰਜਾਬ ਵਿੱਚ ਇਸ ਪਲਾਯਨ ਤੋਂ ਪਹਿਲਾਂ ਵੀ ਭੱਟੀ ਸ਼ਾਖਾ ਦੇ ਸੂਰਸੈਣੀ ਮੌਜੂਦ ਸਨ। ਪੰਜਾਬ ਸ਼ੁਰੂ ਤੋਂ ਹੀ ਸ਼ੂਰਸੈਣੀ ਜਾਦੋਬੰਸੀਆਂ ਦਾ ਗੜ੍ਹ ਰਿਹਾ ਹੈ। ਪੰਜਾਬ ਤੇ ਅਫ਼ਗਾਨਿਸਤਾਨ ਦੇ ਮਹਾਂਪ੍ਰਤਾਪੀ ਰਾਜਾ ਸਾਲੀਵਾਹਣ ਵੀ ਸੈਣੀ ਕੁੱਲ ਵਿੱਚ ਹੀ ਜਨਮੇ ਸਨ। ਸਿਆਲਕੋਟ ਸ਼ਹਿਰ ਦਾ ਨਾਮ ਇਨ੍ਹਾਂ ਦੇ ਨਾਮ ਨਾਲ ਜੁੜਿਆ ਹੈ। ਇਨ੍ਹਾਂ ਨੂੰ ਮੱਧ ਏਸ਼ੀਆ ਤੋਂ ਆਏ ਸ਼ੱਕ ਜਾਤੀ ਦੀਆਂ ਫ਼ੌਜਾਂ ਨੂੰ ਹਰਾਉਣ ਕਰ ਕੇ ਸ਼ਾਕਾਰੀ ਵੀ ਕਿਹਾ ਜਾਂਦਾ ਹੈ।

❊ ❊ ❊ ❊ ❊

ਜਾਗਦੇ ਰਹੋ

ਮਨੁੱਖ ਜਾਗਦਾ ਹੈ ਤਾਂ ਸੁਚੇਤ ਹੈ। ਨੀਂਦ ਨੇ ਹਮੇਸ਼ਾਂ ਸਮਾਜ ਦਾ, ਲੋਕਾਂ ਦਾ, ਦੇਸ਼ ਦਾ, ਵਿਸ਼ਵ ਦਾ ਨੁਕਸਾਨ ਕੀਤਾ ਹੈ। ਜਿਹੜੀ ਕੌਮ ਨੀਂਦ ਵਿੱਚ ਹੁੰਦੀ ਹੈ ਉਸ ਦਾ ਸੱਭਿਆਚਾਰ, ਉਸ ਦਾ ਇਤਿਹਾਸ, ਵਿਰਸਾ,ਸਾਹਿਤ ਆਦਿ ਸਭ ਨੀਂਦਰ ਵਿੱਚ ਚਲੇ ਜਾਂਦਾ ਹੈ। ਨੀਂਦ ਵਿੱਚ ਅਸੀਂ ਬੜਾ ਕੁੱਝ ਗੁਆ ਲੈਂਦੇ ਹਾਂ। ਇਸ ਬਾਰੇ ਇੱਕ ਕਹਾਵਤ ਮਸ਼ਹੂਰ ਹੈ,- "ਜਾਗਦਿਆਂ ਦੀਆਂ ਕੱਟੀਆਂ ਤੇ ਸੁੱਤਿਆਂ ਦੇ ਕੱਟੇ"। ਕਹਿੰਦੇ ਹਨ ਕਿ ਪਸ਼ੂਆਂ ਦੀ ਮੰਡੀ ਲੱਗੀ ਹੋਈ ਸੀ। ਦੋ ਜਣੇ ਆਪਣੀਆਂ ਆਪਣੀਆਂ ਸੂਣ ਵਾਲੀਆਂ ਮੱਝਾਂ ਵੇਚਣ ਲਈ ਮੰਡੀ ਲੈ ਕੇ ਗਏ। ਪਹਿਲੇ ਦਿਨ ਕੋਈ ਗਾਹਕ ਨਾ ਲੱਗਿਆ। ਰਾਤ ਮੰਡੀ ਵਿੱਚ ਕੱਟਣੀ ਪਈ। ਇੱਕ ਥੱਕਿਆ ਹੋਇਆ ਸੀ। ਉਸ ਨੇ ਦੂਜੇ ਨੂੰ ਕਿਹਾ," ਭਰਾਵਾ, ਮੈਂ ਸੌਣ ਲੱਗਾਂ, ਜੇ ਮੇਰੀ ਮੱਝ ਸੂਣ ਲੱਗੇ ਤਾਂ ਮੈਨੂੰ ਜਗਾ ਦੇਣਾ। ਸਬੱਬ ਨਾਲ ਰਾਤ ਵੇਲੇ ਦੋਵੇਂ ਮੱਝਾਂ ਸੂ ਪਈਆਂ। ਜਾਗਣ ਵਾਲੇ ਦੀ ਮੱਝ ਨੇ ਕੱਟਾ ਦਿੱਤਾ ਅਤੇ ਸੁੱਤੇ ਪਏ ਦੀ ਮੱਝ ਨੇ ਕੱਟੀ ਦਿੱਤੀ। ਜਾਗਣ ਵਾਲੇ ਨੇ ਚੁਸਤੀ ਨਾਲ ਆਪਣੀ ਮੱਝ ਨਾਲ ਕੱਟੀ ਅਤੇ ਸੁੱਤੇ ਪਏ ਬੰਦੇ ਦੀ ਮੱਝ ਨਾਲ ਕੱਟਾ ਲਗਾ ਦਿੱਤਾ। ਇਥੋਂ ਹੀ ਇਹ ਕਹਾਵਤ ਬਣ ਗਈ।

❊ ❊ ❊ ❊ ❊

ਵਧਾਈ

ਜ਼ਿਲ੍ਹਾ ਮੋਹਾਲੀ ਦੇ ਪਿੰਡ ਸਹੌੜਾਂ ਵਿੱਚ ਸੈਣੀ ਪਰਿਵਾਰ ਦੇ ਸ. ਚਰਨਜੀਤ ਸਿੰਘ ਕਤਰਾ ਨੇ ਨਵੀਂ ਕਹਾਣੀ ਪੁਸਤਕ,' ਧੁੰਦ 'ਚੋਂ ਲੋਅ' ਪੰਜਾਬੀ ਪਾਠਕਾਂ ਦੀ ਝੋਲੀ ਪਾਈ ਹੈ ਜਿਸ ਦੀ ਘੁੰਡਚੁਕਾਈ-ਰਸਮ 25 ਜੂਨ ਨੂੰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿਖੇ ਨਾਮਵਰ ਸਾਹਿਤਕਾਰਾਂ ਨੇ ਅਦਾ ਕੀਤੀ। ਇਹ ਆਪ ਦੀ ਚੌਥੀ ਰਚਨਾ ਹੈ ਜਿਸ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਵਾਰਤਕ, ਇੱਕ ਮਿੰਨੀ ਕਹਾਣੀ ਸੰਗ੍ਰਿਹ ਅਤੇ ਇੱਕ ਬਾਲ-ਸਾਹਿਤ ਪੁਸਤਕ ਪ੍ਰਕਾਸ਼ਿਤ ਕਰਵਾਈਆਂ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਕਤਰਾ ਸਾਹਿਬ ਨੂੰ ਬਹੁਤ ਬਹੁਤ ਵਧਾਈ ਹੋਵੇ।

ਬਹੁਮੁੱਲਾ ਚਿੱਤਰ

ਵੀਹਵੀਂ ਸਦੀ ਦੇ ਵਿਸ਼ਵ ਪ੍ਰਸਿੱਧ ਯਹੂਦੀ ਚਿੱਤਰਕਾਰ ਫਿਲਿਪ ਡੀ ਲਾਜ਼ਨੋ ਨੇ ਇਹ ਚਿੱਤਰ ਉਦੋਂ ਬਣਾਇਆ ਜਦੋਂ ਪਹਿਲੇ ਸੰਸਾਰ ਯੁੱਧ ਵਿੱਚ ਅੰਗ੍ਰੇਜ਼ੀ ਰਾਜ ਲਈ ਲੜ ਕੇ ਸ਼ਹੀਦ ਹੋਏ ਦੋ ਪੰਜਾਬੀ ਸਿੱਖ ਫਰਾਂਸ ਵਿੱਚ 'ਸੋਮੇ' ਦੀ ਲੜਾਈ ਵਿੱਚ ਜਾਣ ਲਈ ਤਿਆਰ ਬੈਠੇ ਸਨ। ਇਸ ਤਸਵੀਰ ਵਿੱਚਲੇ ਦੋ ਸਿੱਖ ਫੌਜੀ, ਘੋੜਸਵਾਰ ਅਫ਼ਸਰ ਰਿਸਾਲਦਾਰ ਜਗਤ ਸਿੰਘ ਅਤੇ ਰਿਸਾਲਦਾਰ ਮਾਨ ਸਿੰਘ ਆਪਣੇ ਅੰਤਿਮ ਯੁੱਧ ਵਿੱਚ ਜਾਣ ਤੋਂ ਦੋ ਮਹੀਨੇ ਪਹਿਲਾਂ ਲੰਡਨ ਵਿੱਚ ਚਿੱਤਰਕਾਰ ਦੇ ਸਾਹਮਣੇ ਬੈਠੇ ਹਨ। ਜਾਪਦਾ ਹੈ ਕਿ ਫਿਲਿਪ ਡੀ ਲਾਜ਼ਲੇ ਨੇ ਇਹ ਚਿੱਤਰ ਆਪਣੇ ਲਈ ਬਣਾਇਆ ਸੀ ਕਿਉਂਕਿ 1937 ਵਿੱਚ ਉਸ ਦੀ ਮੌਤ ਤੱਕ ਇਹ ਚਿੱਤਰ ਉਸ ਦੇ ਸਟੂਡੀਓ ਵਿੱਚ ਰਿਹਾ। ਬਰਤਾਨੀਆ ਦੇ ਕਲਾ ਤੇ ਵਿਰਾਸਤ ਮੰਤਰੀ ਲਾਰਡ ਸਟੀਫ਼ਨ ਪਾਰਕਿੰਨਸਨ ਦਾ ਕਹਿਣਾ ਹੈ ਕਿ ਇਹ ਸ਼ਾਨਦਾਰ ਅਤੇ ਸੰਵੇਦਨਸ਼ੀਲ ਪੇਂਟਿੰਗ ਸਾਡੇ ਇਤਿਹਾਸ ਦੇ ਮਹੱਤਵਪੂਰਨ ਪਲ ਨੂੰ ਦਰਸਾਉਂਦੀ ਹੈ ਕਿ ਕਿਵੇਂ ਵਿਸ਼ਵ ਦੀਆਂ ਭਿੰਨ ਭਿੰਨ ਕੌਮਾਂ ਨੇ ਜੰਗ ਸਮੇਂ ਬ੍ਰਿਟੇਨ ਦਾ ਸਾਥ ਦਿੱਤਾ। ਇਸ ਪੇਂਟਿੰਗ ਦੀ ਕੀਮਤ 6.5 ਕਰੋੜ ਰੁਪਏ ਹੈ ਅਤੇ ਬਰਤਾਨੀਆ ਸਰਕਾਰ ਨੇ ਇਸ ਦੀ ਬਰਾਮਦ 'ਤੇ ਪਾਬੰਦੀ ਲਾ ਦਿੱਤੀ ਹੈ।

❊ ❊ ❊ ❊ ❊

ਸ਼ਰਧਾਂਜਲੀ

ਸ਼੍ਰੀਮਤੀ ਸੁਰਿੰਦਰ ਕੌਰ ਪਤਨੀ ਸ. ਤਰਲੋਚਨ ਸਿੰਘ 9 ਅਪ੍ਰੈਲ, 2023 ਦੇ ਮੰਦਭਾਗੇ ਦਿਨ ਅਕਾਲਚਲਾਣਾ ਕਰ ਗਏ ਹਨ। ਇਹ ਪਰਿਵਾਰ ਇਸ ਸਮੇਂ ਕੈਨੇਡਾ ਦੇ ਸੂਬਾ ਉਨਟਾਰੀਓ ਦੇ ਸ਼ਹਿਰ ਲਸਾਲੇ ਵਿੱਚ ਰਹਿੰਦਾ ਹੈ। ਇਨ੍ਹਾਂ ਦਾ ਪਿਛੋਕੜ ਰੂਪਨਗਰ ਜ਼ਿਲ੍ਹੇ ਦਾ ਪਿੰਡ ਬਜੀਦਪੁਰ ਹੈ ਅਤੇ ਇਹ ਸ਼ਹਿਰ ਦੇ ਗਿਆਨੀ ਜ਼ੈਲ ਸਿੰਘ ਨਗਰ ਦੇ ਵਸਨੀਕ ਰਹੇ ਹਨ। ਸ਼੍ਰੀਮਤੀ ਸੁਰਿੰਦਰ ਕੌਰ ਪੰਜਾਬ ਸਰਕਾਰ ਦੇ ਸਿੱਖਿਆ ਮਹਿਕਮੇ ਤੋਂ ਅਧਿਆਪਕਾ ਵਜੋਂ ਸੇਵਾਮੁਕਤ ਹੋਏ ਸਨ ਅਤੇ ਹੁਣ ਕਾਫ਼ੀ ਲੰਬੇ ਸਮੇਂ ਤੋਂ ਗੰਭੀਰ ਬਿਮਾਰੀ ਤੋਂ ਪੀੜਿਤ ਸਨ। ਸ. ਤਰਲੋਚਨ ਸਿੰਘ ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਅਤੇ ਸਲਾਹਕਾਰ ਹਨ। ਸੈਣੀ ਭਵਨ ਦੇ ਪ੍ਰਬੰਧਕ ਪਰਿਵਾਰ ਦੇ ਦੁਖ ਵਿੱਚ ਸ਼ਰੀਕ ਹੁੰਦਿਆਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਵਿਛੁੜੀ ਆਤਮਾ ਨੂੰ ਸ਼ਾਂਤੀ ਬਖਸ਼ੇ।

ਅਪ੍ਰੈਲ - ਜੂਨ 2023 ਦੌਰਾਨ

ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ

39ਵੇਂ ਸਾਲਾਨਾ ਸੈਣੀ ਸੰਮੇਲਨ ਦਾ ਆਯੋਜਨ:-ਸੈਣੀ ਭਵਨ ਵਿਖੇ 8 ਅਪ੍ਰੈਲ 2023 ਨੂੰ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 39ਵੇਂ ਸਾਲਾਨਾ ਸੈਣੀ ਸੰਮੇਲਨ ਦਾ ਆਯੋਜਨ ਕੀਤਾ ਗਿਆ। ਸਮਾਗਮ ਦਾ ਆਰੰਭ ਸਵੇਰੇ ਸ਼੍ਰੀ ਸੁਖਮਨੀ ਸਹਿਬ ਜੀ ਦੇ ਪਾਠ ਨਾਲ ਹੋਇਆ। ਸੰਮੇਲਨ ਵਿੱਚ ਬਤੌਰ ਮੁੱਖ ਮਹਿਮਾਨ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਸੈਣੀ ਸ਼ਾਮਲ ਹੋਏ ਜਦੋਂਕਿ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਰੂਪਨਗਰ ਹਲਕੇ ਤੋਂ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਸ਼ਿਰਕਤ ਕੀਤੀ। ਇਸ ਮੌਕੇ 'ਤੇ ਬੋਲਦਿਆਂ ਡਾ. ਬਲਬੀਰ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਸਰਕਾਰ ਰੰਗਲਾ ਪੰਜਾਬ ਬਣਾਉਣ ਲਈ ਨਸ਼ਿਆਂ ਦੇ ਸ਼ਿਕਾਰ ਹੋਏ ਨੌਜਵਾਨਾਂ ਲਈ ਨਵਾਂ ਸੰਕਲਪ ਅਮਲ ਵਿੱਚ ਲਿਆ ਰਹੀ ਹੈ ਜਿਸ ਤਹਿਤ ਨਸ਼ਿਆਂ ਦੀ ਲਤ ਵਿੱਚ ਫ਼ਸੇ ਨੌਜਵਾਨਾਂ ਨੂੰ ਜੇਲ੍ਹਾਂ 'ਚ ਬੰਦ ਕਰਨ ਦੀ ਬਜਾਏ ਨਸ਼ਾ-ਛਡਾਊ ਕੇਂਦਰ ਵਿੱਚ ਲਿਆ ਕੇ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਚੰਗੇ ਡਾਕਟਰਾਂ ਦੀ ਸੁਵਿਧਾ, ਕਾਊਂਸਲਿੰਗ, ਸਿਹਤਮੰਦ ਰਹਿਣ ਲਈ ਯੋਗ ਸਿੱਖਿਆ ਅਤੇ ਕਿੱਤਾ ਮੁਖੀ ਕੰਮਾਂ ਦੀ ਟਰੇਨਿੰਗ ਆਦਿ ਸੁਵਿਧਾ ਰਾਹੀ ਬੇਹਤਰ ਜੀਵਨ ਜਿਉਣ ਦੇ ਯੋਗ ਬਣਾਏਗੀ। ਸਿਹਤ ਮੰਤਰੀ ਨੇ ਸੈਣੀ ਭਵਨ ਦੇ ਲੋਕ ਭਲਾਈ ਕੰਮਾਂ ਦੀ ਪ੍ਰਸੰਸ਼ਾ ਕਰਦਿਆਂ ਸੰਸਥਾ ਨੂੰ ਕੁਦਰਤੀ ਸਰੋਤਾਂ ਤੋਂ ਬਿਜਲੀ ਪੈਦਾ ਕਰਨ ਲਈ ਸੋਲਰ ਪਲਾਂਟ ਲਗਾਉਣ ਲਈ **ਪੰਜ ਲੱਖ ਰੁਪਏ ਦੀ ਗਰਾਂਟ** ਦੇਣ ਦੀ ਘੋਸ਼ਣਾ ਕੀਤੀ।

ਇਸ ਮੌਕੇ 'ਤੇ ਬੋਲਦਿਆਂ ਰੂਪਨਗਰ ਹਲਕੇ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਕਿਹਾ ਕਿ ਸੈਣੀ ਭਵਨ ਰੂਪਨਗਰ ਦੀ ਸੰਸਥਾ ਲੋਕ ਭਲਾਈ ਦੇ ਖੇਤਰ ਵਿੱਚ ਆਮ ਲੋਕਾਂ ਲਈ ਪ੍ਰੇਰਣਾ ਦਾ ਕੇਂਦਰ ਹੈ। ਪੰਜਾਬੀ ਕਲਾਕਾਰਾਂ ਹਰਮਿੰਦਰ ਨੂਰਪੁਰੀ, ਕੁਲਬੀਰ ਸੈਣੀ ਅਤੇ ਸੰਸਥਾ ਦੀਆਂ ਸਿੱਖਿਆਰਥਣਾਂ ਨੇ ਆਪਣੇ ਗੀਤਾਂ ਅਤੇ ਸਭਿਆਚਾਰਕ ਪ੍ਰੋਗਰਾਮ ਰਾਹੀ ਦਰਸ਼ਕਾਂ ਦਾ ਮਨੋਰਜਨ ਕੀਤਾ। ਸਮਾਗਮ ਨੂੰ ਆਲ ਇੰਡੀਆ ਰਾਇਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਸੈਣੀ, ਹਰਜੀਤ ਸਿੰਘ ਲੋਂਗੀਆ, ਜਸਵੰਤ ਸਿੰਘ ਸੈਣੀ, ਜਗਦੀਸ਼ ਰਾਮ ਸੈਣੀ ਦੀਨਾਨਗਰ, ਹਰਿਆਣਾ ਐਸਜੀਪੀਸੀ ਮੈਂਬਰ ਸੁਖਵਿੰਦਰ ਸਿੰਘ ਮੰਡੇਵਰ, ਸ਼ੁਭ ਸੈਣੀ ਨਵਾਂਸ਼ਹਿਰ, ਸ਼ਮਿੰਦਰ ਸਿੰਘ ਭੱਕੂਮਾਜਰਾ ਅਤੇ ਇੰਜ.ਤੇਜਪਾਲ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

ਇਸ ਸਮਾਗਮ ਦੌਰਾਨ **''ਪੰਜਾਬ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹਲ''** ਵਿਸ਼ੇ 'ਤੇ ਪੰਜਾਬ ਯੂਨੀਵਰਸਿਟੀ ਅੰਬੇਦਕਰ ਸੈਂਟਰ ਦੇ ਸਾਬਕਾ ਡਾਇਰੈਕਟਰ ਸਮਾਜਿਕ ਵਿਗਿਆਨੀ ਪ੍ਰੋ: ਮਨਜੀਤ ਸਿੰਘ ਅਤੇ ਦੈਨਿਕ ਸਵੇਰਾ ਦੇ ਐਡੀਟਰ ਸਰਬਜੀਤ ਸਿੰਘ ਧਾਲੀਵਾਲ ਨੇ ਆਪਣੇ ਵਿਦਵਤਾਭਰਪੂਰ ਵਿਚਾਰ ਪੇਸ਼ ਕੀਤੇ ਜਿਨ੍ਹਾਂ 'ਤੇ ਭਰਵੀਂ ਬਹਿਸ ਹੋਈ।

ਇਸ ਸਮੇਂ **ਸਫਲ ਸੈਣੀ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ।** ਇਨ੍ਹਾਂ ਵਿੱਚ ਇੰਜ.ਰਾਵਿੰਦਰ ਸਿੰਘ ਸੈਣੀ, ਡਾਇਰੈਕਟਰ (ਕਮਰਸ਼ਿਅਲ) ਪੀਐਸਪੀਸੀਐਲ, ਪੰਜਾਬ ਦੇ ਸਾਬਕਾ ਡਾਇਰੈਕਟਰ ਸਿਹਤ ਗੁਰਿੰਦਰਬੀਰ ਸਿੰਘ, ਪੰਚਾਇਤੀ ਰਾਜ ਪੰਜਾਬ ਦੇ ਸਾਬਕਾ ਮੁੱਖ ਇੰਜਨੀਅਰ ਤੇਜਪਾਲ ਸਿੰਘ, ਸ਼੍ਰੀਮਤੀ ਕੁਲਵਿੰਦਰ ਕੌਰ ਸਰਪੰਚ ਮਲਿਕਪੁਰ, ਸ਼੍ਰੀਮਤੀ ਰਣਬੀਰ ਕੌਰ ਸਰਪੰਚ ਬਲਰਾਮਪੁਰ, ਫੁੱਟਬਾਲ ਪ੍ਰੋਮੋਟਰ ਮਨਮੋਹਨ ਸਿੰਘ ਭਲਿਆਣ, ਵੈਟਰਨ ਖਿਡਾਰੀ ਸੋਨ ਤਮਗਾ ਜੇਤੂ ਐਡਵੋਕੇਟ ਮਹਿੰਦਰ ਸਿੰਘ ਭਲਿਆਣ, ਹਰਵਿੰਦਰ ਸਿੰਘ ਸੈਣੀ ਮੁੱਖ ਕੋਚ ਨੈਸ਼ਨਲ ਜੂਨੀਅਰ ਹਾਕੀ ਵੋਮੈਨ ਟੀਮ, ਗੀਤਕਾਰ ਜੱਗਾ ਸਿੰਘ ਨਿੱਕੂਵਾਲ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਸਾਫਟਵੇਅਰ ਡਿਵੈਲਪਰ ਵਿਦਿਆਰਥੀ ਸੁਖਜੀਤ ਸਿੰਘ ਬਡਵਾਲ, ਨਗਰ ਸੁਧਾਰ ਟਰੱਸਟ ਨਵਾਂ ਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਲਿਖਾਰੀ ਪਿੰ. ਹਰਬੰਸ ਸਿੰਘ ਅਤੇ ਸਮਾਜ ਸੇਵੀ ਦਵਿੰਦਰ ਸਿੰਘ ਲਸਾੜਾ ਸ਼ਾਮਲ ਸਨ।

ਮੈਗਜ਼ੀਨ ''ਸੈਣੀ ਸੰਸਾਰ'' ਦਾ 48ਵਾਂ ਅੰਕ ਹੋਇਆ ਰਿਲੀਜ:- ਸੰਮੇਲਨ ਦੌਰਾਨ ਮੁੱਖ ਮਹਿਮਾਨ ਸਿੱਖਿਆ ਮੰਤਰੀ ਪੰਜਾਬ ਨੇ ਸੰਸਥਾ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 48ਵਾਂ ਅੰਕ ਰਿਲੀਜ਼ ਕੀਤਾ। ਇਸ ਮੌਕੇ 'ਤੇ ਸੈਣੀ ਸੰਸਾਰ ਮੈਗਜ਼ੀਨ ਦੇ 47ਵੇਂ ਅੰਕ ਵਿੱਚ ਦਿੱਤੀ ਪ੍ਰਸ਼ਨੋਤਰੀ ਦੇ ਸਹੀ ਉੱਤਰ ਦੇਣ ਵਾਲੇ ਨਿਰਮੋਲਕ ਸਿੰਘ ਮੁਹਾਲੀ, ਗੁਰਵਿੰਦਰ ਕੌਰ ਰੂਪਨਗਰ ਤੇ ਮਨਜੀਤ ਕੌਰ ਸੁਖਰਾਮਪੁਰ ਟੱਪਰੀਆਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਆਪਣਾ ਕੋਰਸ ਪੂਰਾ ਕਰਨ ਵਾਲੀਆਂ ਸਿੱਖਿਆਰਥਣਾ ਨੂੰ ਸਰਟੀਫਿਕੇਟ ਵੰਡੇ ਗਏ।

ਸੰਮੇਲਨ ਦੌਰਾਨ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ, ਸਕੱਤਰ ਬਲਬੀਰ ਸਿੰਘ, ਪੀਆਰਓ ਰਾਜਿੰਦਰ ਸੈਣੀ ਅਤੇ ਟਰੱਸਟੀ ਰਾਜਿੰਦਰ ਸਿੰਘ ਨਨੂਆ ਨੇ ਸੰਬੋਧਨ ਕੀਤਾ ਅਤੇ ਸੰਸਥਾ ਦੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸੰਮੇਲਨ ਵਿੱਚ ਪੰਚਕੂਲਾ ਤੋਂ ਇੰਜ. ਭਗਵਾਨ ਸਿੰਘ ਸੇਵਾਮੁਕਤ ਰਿਜਨਲ ਇਨਵਾਇਰਨਮੈਂਟ ਆਫੀਸਰ ਅਤੇ ਬਾਬਾ ਹਰਦੀਪ ਸਿੰਘ ਸਤਨਾਮੀਆਂ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੀਆਂ ਵੱਖ ਵੱਖ ਸੈਣੀ ਸਭਾਵਾਂ ਸੈਣੀ ਮਹਾਂ ਸਭਾ ਪੰਜਾਬ, ਸੈਣੀ ਸਭਾ ਦੀਨਾਨਗਰ (ਗੁਰਦਾਸਪੁਰ), ਸੈਣੀ ਮਹਾਂ

ਸਭਾ ਪਟਿਆਲਾ, ਆਲ ਇੰਡੀਆ ਸੈਣੀ ਸੇਵਾ ਸਮਾਜ, ਸੈਣੀ ਯੂਥ ਫੈਡਰੇਸ਼ਨ ਦੇ ਆਗੂ ਸਹਿਬਾਨਾਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚ ਸ. ਸੰਤੋਖ ਸਿੰਘ ਸੈਣੀ ਸ਼ਿਵਾਲਕ ਹੋਟਲ ਬਲਾਚੌਰ, ਜਗਦੀਸ ਸੈਣੀ ਦੀਨਾਨਗਰ, ਲਵਲੀਨ ਸੈਣੀ ਪਟਿਆਲਾ, ਮਾਸਟਰ ਬਲਦੇਵ ਸਿੰਘ ਤੇ ਸੰਤੋਸ਼ ਸੈਣੀ ਹੁਸ਼ਿਆਰਪੁਰ, ਪਿੰਡ ਪੰਜੌੜ ਤੋਂ ਸੂਬੇਦਾਰ ਮਨਜੀਤ ਸਿੰਘ ਅਤੇ ਕੈਪਟਨ ਅਮਰਜੀਤ ਸਿੰਘ, ਮਨਜੀਤ ਕੌਰ ਘਨੋਲਾ, ਅਮਰੀਕ ਸਿੰਘ ਸੈਣੀ ਪਵਰੀ, ਰਾਜ ਕੁਮਾਰ ਸੈਣੀ ਰਾਜਪੁਰਾ, ਮਨਿੰਦਰ ਸਿੰਘ ਸੈਣੀ ਜਿਲ੍ਹਾ ਮੋਹਾਲੀ, ਅਵਤਾਰ ਸਿੰਘ ਸੈਣੀ ਚੰਡੀਗੜ੍ਹ, ਡਾ. ਜਤਿੰਦਰ ਸਿੰਘ ਸੈਣੀ ਲੁਧਿਆਣਾ, ਪਰਮਿੰਦਰ ਸ਼ਾਮਪਰੀ, ਜ਼ਿਲ੍ਹਾ ਫਿਰੋਜ਼ਪੁਰ ਤੋਂ ਸੈਣੀ ਨੁਮਾਇੰਦੇ, ਸੈਣੀ ਭਵਨ ਰੂਪਨਗਰ ਦੇ ਸਰਪ੍ਰਸਤ ਬਲਦੇਵ ਸਿੰਘ ਮੁੰਦਰਾ, ਰਾਮ ਸਿੰਘ ਸੈਣੀ, ਗੁਰਮੁੱਖ ਸਿੰਘ ਸੈਣੀ, ਦੇਵਿੰਦਰ ਸਿੰਘ ਜਟਾਣਾ, ਇੰਜ. ਹਰਜੀਤ ਸਿੰਘ ਸੈਣੀ, ਅਮਰਜੀਤ ਸਿੰਘ, ਐਡਵੋਕੇਟ ਰਾਵਿੰਦਰ ਮੁੰਦਰਾ, ਰਾਜਿੰਦਰ ਸਿੰਘ ਗਿਰਨ, ਪ੍ਰਿਤਪਾਲ ਸਿੰਘ, ਜਗਦੇਵ ਸਿੰਘ, ਹਰਦੀਪ ਸਿੰਘ, ਸੁਰਿੰਦਰ ਸਿੰਘ, ਦਲਜੀਤ ਸਿੰਘ ਆਦਿ ਤੋਂ ਇਲਾਵਾ ਸੈਣੀ ਭਵਨ ਦੇ ਅਜੀਵਨ ਮੈਂਬਰ ਅਤੇ ਵਜੀਫਿਆਂ ਦੇ ਦਾਨੀ 200 ਦੇ ਕਰੀਬ ਪਤਵੰਤੇ ਸ਼ਾਮਲ ਸਨ। ਸੁਖਮਨੀ ਸਾਹਿਬ ਦੇ ਪਾਠ ਦਾ ਖਰਚਾ ਡਾ.ਅਜਮੇਰ ਸਿੰਘ ਪ੍ਰਧਾਨ ਨੇ ਕੀਤਾ। ਸਮਾਗਮ ਦੌਰਾਨ ਪਕੌੜਿਆਂ ਦਾ ਲੰਗਰ ਖੂਬ ਚੱਲਿਆ ਜਿਸ ਦਾ ਪ੍ਰਬੰਧ ਰੂਪਨਗਰ ਸ਼ਹਿਰ ਦੇ ਹੀਰਾ ਡਿਪਾਰਟਮੈਂਟ ਸਟੋਰ ਦੇ ਮਾਲਕਾਂ ਨੇ ਕੀਤਾ। ਸਮਾਗਮ ਦੇ ਅੰਤ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤਿਆ।

ਰੋਗ ਨਿਵਾਰਣ ਯੋਗ ਕੈਂਪ ਦਾ ਆਯੋਜਨ– ਸੈਣੀ ਭਵਨ ਰੋਪੜ ਵਿਖੇ 16 ਮਈ ਤੋਂ 20 ਮਈ, 2023 ਤੱਕ ਭਾਰਤੀ ਯੋਗ ਸੰਸਥਾਨ (ਰਜਿ.) ਦੀ ਜ਼ਿਲ੍ਹਾ ਇਕਾਈ ਰੋਪੜ ਵਲੋਂ ਸਿਹਤ ਪੱਖੋ ਜਾਗਰੂਕ ਕਰਨ ਲਈ ਪੰਜ ਦਿਨਾਂ ਦਾ ਰੋਗ ਨਿਵਾਰਣ ਯੋਗ ਕੈਂਪ ਲਗਾਇਆ ਗਿਆ। ਇਸ ਵਿੱਚ ਸੈਣੀ ਭਵਨ ਵਿਖੇ ਵੱਖ ਵੱਖ ਕੋਰਸ ਕਰ ਰਹੀਆਂ ਕੋਈ 40 ਸਿੱਖਿਆਰਥਣਾ ਨੂੰ ਯੋਗ ਰਾਹੀ ਵੱਖ ਵੱਖ ਰੋਗਾਂ ਤੋਂ ਨਿਜਾਤ ਪਾਉਣ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਯੋਗ ਦੀਆਂ ਵੱਖ ਵੱਖ ਕਿਰਿਆਵਾਂ- ਆਸਣ, ਪ੍ਰਾਣਾਯਾਮ ਤੇ ਧਿਆਨ ਦਾ ਅਭਿਆਸ ਕਰਵਾਇਆ ਗਿਆ।

ਸੜਕੀ ਸੁਰੱਖਿਆ ਸਪਤਾਹ ਮਨਾਇਆ– ਸੜਕ ਸੁਰੱਖਿਆ ਸਪਤਾਹ ਪ੍ਰੋਗਰਾਮ ਤਹਿਤ 20 ਮਈ, 2023 ਨੂੰ ਸੈਣੀ ਭਵਨ ਵਿਖੇ ਨਹਿਰੂ ਯੁਵਾ ਕੇਂਦਰ ਰੂਪਨਗਰ ਅਤੇ ਜ਼ਿਲ੍ਹਾ ਪੁਲਸ ਵਲੋਂ ਸੈਣੀ ਭਵਨ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਸੰਸਥਾ ਦੀਆਂ ਸਿੱਖਿਆਰਥਣਾਂ ਨੂੰ ਸੜਕ ਨਿਯਮਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ 'ਤੇ ਪੁਲਿਸ ਅਧਿਕਾਰੀ ਸ.ਸੁਖਦੇਵ ਸਿੰਘ ਨੇ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਅਤੇ ਨਹਿਰੂ ਯੁਵਾ ਕੇਂਦਰ ਦੀ ਟੀਮ ਵਲੋਂ ਨਾਟਕਕਾਰ ਅਰਵਿੰਦਰ ਰਾਜੂ ਦੀ ਅਗਵਾਈ 'ਚ ਨਸ਼ਿਆਂ ਬਾਰੇ ਜਾਗਰੂਕ ਕਰਨ ਲਈ ਨਕਲਾਂ ਦੇ ਰੂਪ ਵਿੱਚ ਸਕਿਟ ਪੇਸ਼ ਕੀਤੀ। ਨਹਿਰੂ ਕੇਂਦਰ ਵਲੋਂ ਸਿਲਾਈ ਕਢਾਈ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ।

ਲੈਫਟੀਨੈਂਟ ਗੁਰਕਰਨ ਸਿੰਘ ਦਾ ਸਨਮਾਨ:– ਰੂਪਨਗਰ ਨਜ਼ਦੀਕ ਪਿੰਡ ਕਟਲੀ ਦੇ ਆਮ ਸੈਣੀ ਪਰਿਵਾਰ ਤੋਂ ਆਪਣੀ ਮੇਹਨਤ ਅਤੇ ਲਗਨ ਨਾਲ ਭਾਰਤੀ ਫੌਜ ਵਿੱਚ ਲੈਫਟੀਨੈਂਟ ਬਣੇ ਗੁਰਕਰਨ ਸਿੰਘ ਦਾ 16 ਜੂਨ, 2023 ਨੂੰ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਗੁਰਕਰਨ ਸਿੰਘ ਪਿੰਡ ਕਟਲੀ ਦੇ ਪਹਿਲੇ ਨੌਜਵਾਨ ਹਨ ਜੋ ਕਿ ਭਾਰਤੀ ਫੌਜ ਵਿੱਚ ਰੈਗੂਲਰ ਕਮਿਸ਼ਨਡ ਅਫਸਰ ਬਣੇ ਹਨ। ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਗੁਰਕਰਨ ਸਿੰਘ ਨੂੰ ਫੌਜ ਵਿੱਚ ਲੈਫਟੀਨੈਂਟ ਦਾ ਪਦ ਹਾਸਲ ਕਰਨ ਲਈ ਵਧਾਈ ਦਿੰਦੇ ਹੋਏ ਕਿਹਾ ਕਿ ਸੰਸਥਾ ਨੂੰ ਆਪਣੇ ਨੌਜਵਾਨਾਂ ਵਲੋਂ ਮੁਕਾਬਲੇ ਦੀਆਂ ਪ੍ਰੀਖਿਆ ਰਾਹੀ ਵੱਖ ਵੱਖ ਉੱਚ ਅਹੁਦਿਆਂ 'ਤੇ ਪਹੁੰਚਣ 'ਤੇ ਮਾਣ ਮਹਿਸੂਸ ਹੁੰਦਾ ਹੈ। ਇਸ ਮੌਕੇ ਸੰਸਥਾ ਦੇ ਟਰੱਸਟੀ ਗੁਰਮੁੱਖ ਸਿੰਘ ਸੈਣੀ, ਰਾਮ ਸਿੰਘ ਸੈਣੀ, ਰਾਜਿੰਦਰ ਸਿੰਘ ਨਨੂਆ, ਰਾਜਿੰਦਰ ਸੈਣੀ, ਅਮਰਜੀਤ ਸਿੰਘ, ਲੈਫ. ਗੁਰਕਰਨ ਸਿੰਘ ਦੇ ਪਿਤਾ ਸ. ਗੁਰਚਰਨ ਸਿੰਘ, ਮਾਤਾ ਮਨਜੀਤ ਕੌਰ, ਅੰਕਲ ਹਰਜੀਤ ਸਿੰਘ, ਕਟਲੀ ਪਿੰਡ ਦੇ ਸਰਪੰਚ ਐਡਵੋਕੇਟ ਕਮਲ ਸੈਣੀ ਤੋਂ ਇਲਾਵਾ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਇੰਜ.ਹਰਜੀਤ ਸਿੰਘ ਸੈਣੀ, ਰਾਜਿੰਦਰ ਸਿੰਘ ਗਿਰਨ, ਡਾ. ਜਸਵੰਤ ਕੌਰ, ਜਗਦੇਵ ਸਿੰਘ, ਦਲਜੀਤ ਸਿੰਘ, ਸੁਰਿੰਦਰ ਸਿੰਘ, ਪ੍ਰਿਤਪਾਲ ਸਿੰਘ ਤੇ ਪ੍ਰਿੰਸੀਪਲ ਰਾਵਿੰਦਰ

ਕੌਰ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਲੈਫ. ਗੁਰਕਰਨ ਸਿੰਘ ਸੈਣੀ ਬਰਾਦਰੀ ਦੇ ਕਾਬੜਵਾਲ ਪਰਿਵਾਰ ਨਾਲ ਸਬੰਧ ਰਖਦੇ ਹਨ। ਇਨ੍ਹਾਂ ਦੇ ਪਿਤਾ ਫੌਜ ਤੋਂ ਹਵਾਲਦਾਰ ਸੇਵਾਮੁਕਤ ਹੋ ਕੇ ਪੀਐਨਬੀ ਚੰਡੀਗੜ੍ਹ ਵਿੱਚ ਸਰਵਿਸ ਕਰਦੇ ਹਨ ਅਤੇ ਇਨ੍ਹਾਂ ਦੇ ਸਵਰਗੀ ਦਾਦਾ ਸੂਬੇਦਾਰ ਗੁਰਮੁੱਖ ਸਿੰਘ ਵੀ ਈਐਮਈ ਤੋਂ ਸੇਵਾ ਮੁਕਤ ਹੋਏ ਸਨ। ਗੁਰਕਰਨ ਸਿੰਘ ਨੇ ਹੋਲੀ ਫੈਮਲੀ ਕਾਨਵੈਂਟ ਸਕੂਲ ਰੂਪਨਗਰ ਤੋਂ 94 ਫੀਸਦੀ ਅੰਕਾਂ ਨਾਲ ਦਸਵੀਂ ਪਾਸ ਕਰਨ ਉਪਰੰਤ ਸਟੈਪਿੰਗ ਸਟੋਨ ਪਬਲਿਕ ਸਕੂਲ ਸੈਕਟਰ 37 ਚੰਡੀਗੜ੍ਹ ਤੋਂ +2 ਨਾਨ ਮੈਡੀਕਲ ਦੀ ਪ੍ਰੀਖਿਆ 94 ਫੀਸਦੀ ਅੰਕਾਂ ਨਾਲ ਪਾਸ ਕੀਤੀ। ਉਸ ਨੇ ਪਹਿਲੇ ਵਾਰ 'ਚ ਹੀ ਐਨਡੀਏ ਟੈਸਟ ਪਾਸ ਕੀਤਾ ਅਤੇ ਜੂਨ 2019 ਤੋਂ ਜੂਨ 2022 ਤੱਕ ਪੂਨਾ ਵਿਖੇ ਸਿੱਖਲਾਈ ਪ੍ਰਾਪਤ ਕਰਕੇ ਅਗਲੇ ਇਕ ਸਾਲ ਆਈਐਮਏ ਦੇਹਰਾਦੂਨ ਟ੍ਰੇਨਿੰਗ ਪੂਰੀ ਕਰਕੇ ਭਾਰਤੀ ਫੌਜ ਦੀ ਗੜ੍ਹਵਾਲ ਰਾਇਫਲਜ਼ ਰੈਜਮੈਂਟ ਵਿੱਚ ਰੈਗੂਲਰ ਕਮਿਸ਼ਨਡ ਅਫ਼ਸਰ ਬਣ ਗਏ।

ਸੈਣੀ ਭਵਨ ਦੇ ਬਾਨੀ ਮਹਾਂਦਾਨੀ ਸ਼੍ਰੀ ਲੇਖ ਰਾਜ ਮੁੰਦਰਾ ਦੀ ਬਰਸੀ ਸਮਾਗਮ–ਸੈਣੀ ਭਵਨ ਦੇ ਪ੍ਰਬੰਧਕਾਂ ਨੇ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ (ਰਜਿ.) ਦੇ ਸਹਿਯੋਗ ਨਾਲ 5 ਜੂਨ, 2023 ਨੂੰ ਬਜ਼ੁਰਗਾਂ ਦੇ ''ਆਪਣਾ ਘਰ'' ਹਵੇਲੀ ਕਲਾਂ ਵਿਖੇ ਸਵ. ਸ਼੍ਰੀ ਲੇਖ ਰਾਜ ਮੁੰਦਰਾ ਦੀ 6ਵੀਂ ਬਰਸੀ ਮਨਾਈ ਗਈ। ਇਸ ਮੌਕੇ ਤੇ ਸ਼੍ਰੀ ਰਾਮਸਰਨਮ ਰੂਪਨਗਰ ਦੀ ਮੰਡਲੀ ਵਲੋਂ ਸ਼੍ਰੀ ਅੰਮ੍ਰਿਤਵਾਨੀ ਸਤਸੰਗ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਸਮੇਂ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ, ਸੀਨੀਅਰ ਸਿਟੀਜ਼ਨ ਕੌਂਸਲ ਅਤੇ ਹੋਰ ਸਮਾਜਸੇਵੀ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

❋ ❋ ❋ ❋ ❋

ਸਾਕਾਰਾਤਮਕ ਜੀਵਨ ਜਾਚ

"ਇਨਸਾਨ ਜੀਉਂਦਾ ਹੈ, ਪੈਸੇ ਕਮਾਉਂਦਾ ਹੈ, ਖਾਣਾ ਖਾਂਦਾ ਹੈ ਅਤੇ ਅੰਤ ਮਰ ਜਾਂਦਾ ਹੈ। ਜੀਉਂਦਾ ਇਸ ਲਈ ਹੈ ਕਿ ਕਮਾ ਸਕੇ, ਕਮਾਉਂਦਾ ਇਸ ਲਈ ਹੈ ਕਿ ਖਾ ਸਕੇ, ਖਾਂਦਾ ਇਸ ਲਈ ਹੈ ਕਿ ਜ਼ਿੰਦਾ ਰਹਿ ਸਕੇ ਪਰ ਫਿਰ ਵੀ ਮਰ ਜਾਂਦਾ ਹੈ। ਜੇਕਰ ਮਰਨੇ ਦੇ ਡਰ ਤੋਂ ਖਾਂਦੇ ਹੋ ਤਾਂ ਹੁਣੇ ਮਰ ਜਾਓ, ਮਸਲਾ ਖਤਮ, ਮਿਹਨਤ ਬਚ ਜਾਏਗੀ। ਮਰਨਾ ਤਾਂ ਸਾਰਿਆਂ ਨੇ ਹੈ ਇੱਕ ਦਿਨ।

ਸਮਾਜ ਲਈ ਜੀਓ। ਜ਼ਿੰਦਗੀ ਦਾ ਇੱਕ ਉਦੇਸ਼ ਬਣਾਓ। ਗੁਲਾਮੀ ਦੀ ਜੰਜ਼ੀਰ ਵਿੱਚ ਜਕੜੇ ਸਮਾਜ ਨੂੰ ਆਜ਼ਾਦ ਕਰਵਾਓ। ਆਪਣਾ ਅਤੇ ਆਪਣੇ ਬੱਚਿਆਂ ਦਾ ਪਾਲਣਪੋਸ਼ਣ ਤਾਂ ਇੱਕ ਜਾਨਵਰ ਵੀ ਕਰ ਲੈਂਦਾ ਹੈ। ਮੇਰੀ ਨਜ਼ਰ ਵਿੱਚ ਇਨਸਾਨ ਉਹ ਹੈ ਜੋ ਸਮਾਜ ਦੀ ਵੀ ਚਿੰਤਾ ਕਰੇ ਅਤੇ ਸਮਾਜ ਲਈ ਕੰਮ ਕਰੇ''।

– ਡਾ. ਬਾਬਾ ਸਾਹਬ ਅੰਬੇਦਕਰ

ਗਜ਼ਲ

ਬਲਬੀਰ ਕੌਰ ਸੈਣੀ
ਫਗਵਾੜਾ

ਬਿਖਰ ਜਾਵਾਂ ਨਾ ਮੈਂ ਕਿਧਰੇ, ਗਲੇ ਆ ਕੇ ਲਗਾ ਮੈਨੂੰ।
ਕਦੇ ਐ ਜ਼ਿੰਦਗੀ ਤੂੰ ਵੀ, ਜ਼ਰਾ ਦੇਹ ਹੌਸਲਾ ਮੈਨੂੰ।
ਹੈ ਦਿੱਤਾ ਮਰਜ਼ ਵੀ ਤੇਰਾ ਤੇ ਹੁਣ ਮਰਜ਼ੀ ਵੀ ਤੇਰੀ ਏ,
ਪਿਲਾ ਦੇ ਜ਼ਹਿਰ ਦਾ ਪਿਆਲਾ ਜਾਂ ਫਿਰ ਦੇਵੀਂ ਦਵਾ ਮੈਨੂੰ।

ਬਹਾਨੇ ਮਰਨ ਦੇ ਲੱਖਾਂ ਹੀ ਦੇਣੇ ਏਸ ਦੁਨੀਆਂ ਨੇ,
ਖ਼ੁਦਾ ਮੇਰੇ ਮਗਰ ਤੂੰ ਜੀਣ ਦੀ ਇੱਕ ਦੇਹ ਵਜ੍ਹਾ ਮੈਨੂੰ।
ਤੂੰ ਮੇਰੇ ਸਾਹਮਣੇ ਬਹਿ ਕੇ ਕਰੇਂ ਤਾਰੀਫ਼ ਗ਼ੈਰਾਂ ਦੀ,
ਗੁਜ਼ਾਰਿਸ਼ ਹੈ ਮਿਰੇ ਦਿਲਬਰ ਕਿ ਏਦਾਂ ਨਾ ਸਤਾ ਮੈਨੂੰ।

ਕਹੇਂ ਜੇ ਵਾਸ਼ਨਾ ਨੂੰ ਪਿਆਰ ਤਾਂ ਲੈ ਤੋੜਿਆ ਰਿਸ਼ਤਾ,
ਚੁਰਾਹੇ ਭੰਡ ਹੁਣ ਭਾਵੇਂ ਤੂੰ ਕਹਿ ਕੇ ਬੇਵਫ਼ਾ ਮੈਨੂੰ।
ਬੜੀ ਖੁਸ਼ ਕਰ ਲਈ ਦੁਨੀਆਂ ਕਦੇ ਕੁੱਝ ਸੋਚ ਅਪਣਾ ਵੀ,
ਇਹ ਮੇਰਾ ਦਿਲ ਕਈ ਵਾਰੀ ਹੈ ਕਰਦਾ ਇਲਤਿਜ਼ਾ ਮੈਨੂੰ।

'ਉਦ੍ਹੇ ਮਿਲਣੇ ਨੂੰ ਮੈਂ ਹੀ ਕਿਉਂ ਫਿਰਾਂ ਭਟਕੀ' ਨਦੀ ਆਖੇ,
ਕਿਤੇ ਮੇਰੀ ਤਰ੍ਹਾਂ ਹੁੰਦਾ ਸਮੁੰਦਰ ਭਾਲਦਾ ਮੈਨੂੰ।
ਭੁਲਾ ਕੇ ਤੂੰ ਗਿਲੇ ਸ਼ਿਕਵੇ ਉਵੇਂ ਇਕ ਵਾਰ ਮਿਲ ਜਾਵੀਂ,
ਦਿਲੋਂ ਖੁਸ਼ ਹੋ ਕੇ ਮਿਲਿਆ ਸੀ ਜਿਵੇਂ ਪਹਿਲੀ ਦਫ਼ਾ ਮੈਨੂੰ।
ਨਾ ਮਿਲਦੀ ਦੌਲਤਾਂ ਵਿਚੋਂ ਤੇ ਨਾ ਵੈਦਾਂ ਹਕੀਮਾਂ ਤੋਂ,
ਤੇਰੇ ਦਰ ਆਣ ਕੇ ਮੌਲਾ ਜੋ ਮਿਲਦੀ ਹੈ ਸ਼ਫ਼ਾ ਮੈਨੂੰ।

ਫੋਨ–8437211036

('ਪੰਜਾਬੀ ਟ੍ਰਿਬਿਊਨ' ਵਿੱਚੋਂ ਧੰਨਵਾਦ ਸਹਿਤ)

" ਆਪਣੀ ਨਾਕਾਮੀ ਦਾ ਸਿਹਰਾ ਮੜ੍ਹ ਨਾ ਰੱਬ ਦੇ ਮੱਥੇ 'ਤੇ ਤੂੰ,
ਜਿਸ ਨੇ ਮੰਜ਼ਿਲ ਤੱਕ ਪਹੁੰਚਣ ਲਈ ਤੈਨੂੰ ਕਿੰਨੇ ਰਾਹ ਦਿੱਤੇ ਨੇ"।
" ਦੁਨੀਆਂ ਨੇ ਵਸਦੀ ਰਹਿਣਾ ਏ, ਸਾਡੇ ਬਗੈਰ ਵੀ,
ਤੂੰ ਐਵੇਂ ਤਪਿਆ, ਤੜਪਿਆ ਤੇ ਉਲਝਿਆ ਨਾ ਕਰ"।
"ਐ ਦਿਲਾ! ਜਦ ਤੱਕ ਤੁਰੇਂਗਾ ਰੋਸ਼ਨੀ ਦੇ ਨਾਲ ਨਾਲ ਨਾ ਕਦੇ ਗੁਮਰਾਹ ਕਰੇਗਾ, ਕਿਸਮਤਾਂ ਦਾ ਭਰਮ ਜਾਲ"।

–ਸੁਰਜੀਤ ਪਾਤਰ

ਗਿਆਨ ਭਰਪੂਰ ਲੇਖ

ਦੁਨੀਆਂ ਵਿੱਚ ਆਰਥਿਕਤਾ ਨੂੰ ਕੌਣ ਕੰਟਰੋਲ ਕਰ ਰਿਹਾ ਹੈ?

ਜੋਗਿੰਦਰ ਸਿੰਘ ਤੂਰ
ਐਡਵੋਕੇਟ ਪੰਜਾਬ ਐਂਡ ਹਰਿਆਣਾ
ਹਾਈ ਕੋਰਟ

ਅਰਥਚਾਰਾ ਸੰਸਾਰ ਭਰ ਵਿੱਚ ਚੀਜ਼ਾਂ ਜਾਂ ਸੇਵਾਵਾਂ ਦੇ ਲੈਣ-ਦੇਣ ਦੀ ਇੱਕ ਵਿਵਸਥਾ ਹੈ ਜਿਹੜੀ ਸੋਨੇ, ਚਾਂਦੀ ਜਾਂ ਕਰੰਸੀ ਦੇ ਮਾਧਿਅਮ ਨਾਲ ਵਿਚਰਦੀ ਹੈ। ਜਦੋਂ ਕਰੰਸੀ ਨੋਟ ਨਹੀਂ ਸਨ ਤਾਂ ਚੀਜ਼ਾਂ ਦੇ ਵਟਾਂਦਰੇ ਨਾਲ ਵਪਾਰ ਹੁੰਦਾ ਸੀ। ਫਿਰ ਇਸ ਤੋਂ ਪਿੱਛੋਂ ਸਿੱਕੇ ਤੇ ਸੋਨੇ ਦੀਆਂ ਮੋਹਰਾਂ ਵਪਾਰ ਦਾ ਮਾਧਿਅਮ ਬਣੀਆਂ ਪਰ ਇਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ ਔਖਾ ਵੀ ਸੀ ਤੇ ਲੁੱਟ-ਖੋਹ ਦੇ ਡਰੋਂ ਜੋਖਮ ਭਰਿਆ ਵੀ ਸੀ। ਇਸ ਲਈ ਆਰਥਿਕ ਆਦਾਨ-ਪ੍ਰਦਾਨ ਦੀ ਇੱਕ ਨਵੀਂ ਪ੍ਰਥਾ-'ਹੁੰਡੀ' ਨਿਕਲੀ। ਇਸ ਸਿਸਟਮ ਨੂੰ ਧਨਾਢ ਵਪਾਰੀਆਂ ਨੇ ਸ਼ੁਰੂ ਕੀਤਾ ਜਿਨ੍ਹਾਂ ਦਾ ਇੱਕ-ਦੂਜੇ ਨਾਲ ਵਪਾਰਕ ਸਬੰਧ ਤੇ ਵਿਸ਼ਵਾਸ ਬਣਿਆਂ ਹੋਇਆ ਸੀ। ਉਹ ਸਿੱਕੇ ਜਾਂ ਮੋਹਰਾਂ ਭੇਜਣ ਦੀ ਬਜਾਏ ਇੱਕ ਪਰਚੀ ਲਿਖ ਕੇ ਭੇਜਦੇ ਸਨ ਜਿਸ ਨੂੰ ਹੁੰਡੀ ਕਿਹਾ ਜਾਂਦਾ ਸੀ। ਜਦੋਂ ਉਹ ਪਰਚੀ ਧਨ ਮੰਗਣ ਲਈ ਦੂਜੀ ਧਿਰ ਨੂੰ ਦਿੱਤੀ ਜਾਂਦੀ ਤਾਂ ਉਸ ਦੇ ਬਦਲੇ ਉਸ ਨੂੰ ਸਿੱਕੇ ਜਾਂ ਮੋਹਰਾਂ ਦੇ ਦਿੱਤੀਆਂ ਜਾਂਦੀਆਂ।

ਇੰਗਲੈਂਡ ਵਿੱਚ ਇਹ ਕੰਮ ਉੱਥੋਂ ਦਾ ਸਦੀਆਂ ਤੋਂ ਸੋਨੇ ਦਾ ਭੰਡਾਰੀ, ਗੋਲਡਸਮਿੱਥ ਘਰਾਣਾ ਕਰੀ ਜਾਂਦਾ ਸੀ। ਉਹ ਇਸੇ ਤਰ੍ਹਾਂ ਦੀਆਂ ਪਰਚੀਆਂ ਰਾਹੀਂ ਸਰਕਾਰ ਨੂੰ ਵੀ ਕਰਜ਼ਾ ਦਿੰਦੇ ਸਨ। ਸੰਨ 1688 ਦੇ ਖ਼ੂਨਰਹਿਤ ਗੋਲਡਨ ਇਨਕਲਾਬ ਪਿੱਛੋਂ ਇੰਗਲੈਂਡ, ਫਰਾਂਸ ਨਾਲ ਜੰਗ ਵਿੱਚ ਉਲਝ ਗਿਆ ਤੇ ਇੰਨਾਂ ਕਰਜ਼ਈ ਹੋ ਗਿਆ ਕਿ ਗੋਲਡਸਮਿੱਥ ਇਹ ਭਾਰ ਨਹੀਂ ਚੁੱਕ ਸਕਦੇ ਸਨ। ਉਸ ਸਮੇਂ ਇੰਗਲੈਂਡ ਦੇ ਵਡੇ ਧਨੀ, ਪੜ੍ਹੇ-ਲਿਖੇ ਅਤੇ ਸਰਕਾਰ ਵਿੱਚ ਅਸਰ-ਰਸੂਖ ਰੱਖਣ ਵਾਲੇ ਵਿਲੀਅਮ ਪੀਟਰਸਨ ਨੇ ਕਾਢ ਕੱਢੀ ਕਿ ਇੱਕ ਬੈਂਕ ਕੰਪਨੀ ਬਣਾਈ ਜਾਵੇ ਜਿਹੜੀ ਲੋਕਾਂ ਨੂੰ ਆਪਣੇ ਸ਼ੇਅਰ ਵੇਚ ਕੇ ਪੈਸੇ ਇਕੱਠੇ ਕਰੇ ਤੇ ਉਸ ਕੰਪਨੀ ਨੂੰ ਕਰੰਸੀ ਨੋਟ ਛਾਪਣ ਦਾ ਅਧਿਕਾਰ ਹੋਵੇ। ਸੰਨ 1694 ਵਿੱਚ ਸਰਕਾਰੀ ਹੁਕਮਾਂ ਨਾਲ ਇੱਕ ਪ੍ਰਾਈਵੇਟ ਕੰਪਨੀ ਨੂੰ 'ਬੈਂਕ ਆਫ਼ ਇੰਗਲੈਂਡ' ਖੋਲ੍ਹਣ ਦਾ ਅਧਿਕਾਰ ਮਿਲ ਗਿਆ। ਇਸ ਤਰ੍ਹਾਂ ਬੈਂਕ ਹੋਂਦ ਵਿੱਚ ਆਉਣ ਨਾਲ ਕਰੰਸੀ ਨੋਟ ਚੱਲ ਪਏ ਤਾਂ ਹੁੰਡੀ ਦਾ ਤਰੀਕਾ ਬੰਦ ਹੋ ਗਿਆ ਅਤੇ ਲੈਣ-ਦੇਣ ਨੋਟਾਂ ਰਾਹੀਂ ਹੋਣ ਲੱਗਾ। ਹੌਲੀ ਹੌਲੀ ਇਹ ਬੈਕ ਕੰਪਨੀ ਬਹੁਤ ਤਾਕਤਵਰ ਹੋ ਗਈ ਕਿਉਂਕਿ ਛਾਪੇ ਗਏ ਕਰੰਸੀ ਨੋਟ ਇਸ ਦੀ ਮਲਕੀਅਤ ਸਨ ਅਤੇ ਸਰਕਾਰ ਉਸ ਤੋਂ ਨੋਟ ਵਿਆਜ 'ਤੇ ਲੈਂਦੀ ਸੀ। ਇਸ ਲਈ ਸਰਕਾਰ ਇਸ ਕੰਪਨੀ ਦੀ ਕਰਜ਼ਈ ਹੋ ਗਈ। ਫਿਰ ਜਰਮਨੀ ਦੇ 'ਰੌਥਸਚਾਈਲਡ' ਘਰਾਣੇ ਦਾ 'ਬੈਂਕ ਆਫ਼ ਇੰਗਲੈਂਡ' 'ਤੇ ਪੂਰਾ ਕਬਜ਼ਾ ਹੋ ਗਿਆ।

ਇੰਗਲੈਂਡ ਦੀ ਸਰਕਾਰ ਨੇ ਉਸ ਸਮੇਂ ਆਪਣੇ ਅਧੀਨ ਕਾਲੋਨੀ, ਅਮਰੀਕਾ ਦੇ ਵਾਸੀਆਂ ਨੂੰ ਹੁਕਮ ਕੀਤਾ ਕਿ ਉਹ ਵੀ ਆਪਣਾ ਕਾਰੋਬਾਰ ਬੈਂਕ ਆਫ਼ ਇੰਗਲੈਂਡ ਤੋਂ ਪੌਂਡ ਵਿਆਜ 'ਤੇ ਲੈ ਕੇ ਉਸ ਰਾਹੀਂ ਕਰਨ ਪਰ ਅਮਰੀਕਾ ਵਾਸੀਆਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਜਦੋਂ ਅਮਰੀਕਾ, ਇੰਗਲੈਂਡ ਤੋਂ ਆਜ਼ਾਦ ਹੋ ਗਿਆ ਤਾਂ 1791 ਵਿੱਚ ਬੈਂਕ ਆਫ਼ ਇੰਗਲੈਂਡ ਦੇ ਮਾਲਕਾਂ ਨੇ ਅਮਰੀਕਾ ਜਾ ਕੇ 'ਬੈਂਕ ਆਫ਼ ਯੂ.ਐਸ.' ਖੋਲ੍ਹ ਲਿਆ ਤੇ ਨੋਟ ਛਾਪਣੇ ਸ਼ੁਰੂ ਕਰ ਦਿੱਤੇ ਪਰ ਅਮਰੀਕਾ ਦੀ ਸਰਕਾਰ ਨੇ 20 ਸਾਲ ਦੀ ਮਿਆਦ ਖਤਮ ਹੋਣ 'ਤੇ ਇਸ ਬੈਂਕ ਨੂੰ ਦੁਬਾਰਾ ਮੰਜ਼ੂਰੀ ਨਹੀਂ ਦਿੱਤੀ। ਇਸ ਲਈ ਰੌਥਸਚਾਈਲਡ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਪੈਂਸਰ ਪਰਸਵੈਲ 'ਤੇ ਜ਼ੋਰ ਪਾਇਆ ਕਿ ਉਹ ਅਮਰੀਕਾ ਵਿਰੁੱਧ ਜੰਗ ਛੇੜੇ ਪਰ ਇੰਗਲੈਂਡ ਪਹਿਲਾਂ ਹੀ ਨੈਪੋਲੀਅਨ ਨਾਲ ਜੰਗ ਵਿੱਚ ਉਲਝਿਆ ਹੋਣ ਕਾਰਨ ਇਹ ਜੋਖਮ ਲੈਣ ਲਈ ਤਿਆਰ ਨਾ ਹੋਇਆ। ਇਸ ਕਾਰਨ ਬੈਂਕ ਆਫ਼ ਯੂ.ਐੱਸ. ਦੇ ਮਾਲਕਾਂ ਨੇ ਪ੍ਰਧਾਨ ਮੰਤਰੀ ਸਪੈਂਸਰ ਪਰਸਵੈਲ ਦਾ ਕਤਲ ਕਰਵਾ ਦਿੱਤਾ ਗਿਆ।

1860ਵਿਆਂ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਇਬਰਾਹਮ ਲਿੰਕਨ ਦੀ ਗੁਲਾਮਾਂ ਨੂੰ ਆਜ਼ਾਦ ਕਰਨ ਦੀ ਨੀਤੀ ਦੇ ਵਿਰੋਧ ਵਿੱਚ ਕੁੱਝ ਸੂਬਿਆਂ ਨੇ ਦੇਸ਼ ਤੋਂ ਵੱਖ ਹੋਣ ਦਾ ਐਲਾਨ ਕਰ ਦਿੱਤਾ ਜਿਸ ਕਾਰਨ ਅਮਰੀਕਾ ਦੇ ਲਗਭਗ ਦੋ ਹਿੱਸੇ ਹੋ ਗਏ ਸਨ। ਇਸ ਸਮੇਂ ਬੈਂਕਾਂ ਵਾਲਿਆਂ ਨੇ ਲਿੰਕਨ ਨੂੰ ਕਿਹਾ ਕਿ ਉਹ ਵੱਖ ਹੋਏ ਸੂਬਿਆਂ ਵਿਰੁੱਧ ਕਾਰਵਾਈ ਕਰਨ ਅਤੇ ਇਸ ਕੰਲ ਲਈ ਉਸ ਨੂੰ ਜਿੰਨੇ ਚਾਹੇ ਪੈਸੇ ਦੇਣ ਲਈ ਤਿਆਰ ਹਨ ਪਰ ਉਹ ਇਨ੍ਹਾਂ ਪੈਸਿਆਂ 'ਤੇ 30 ਫੀ ਸਦੀ ਵਿਆਜ ਲੈਣਗੇ। ਰਾਸ਼ਟਰਪਤੀ ਨੇ ਇਸ ਤੋਂ ਇਨਕਾਰ ਕਰ ਦਿੱਤਾ ਅਤੇ ਸਰਕਾਰ ਨੇ ਖੁਦ ਡਾਲਰ ਛਾਪਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੂੰ 'ਗਰੀਨ ਡਾਲਰ' ਕਿਹਾ ਗਿਆ। ਸੈਂਟਰਲ ਬੈਂਕਾਂ ਨੇ ਇਸ ਕਾਰਵਾਈ ਨੂੰ ਆਪਣੀ ਹੋਂਦ 'ਤੇ ਖ਼ਤਰੇ ਦੀ ਘੰਟੀ ਸਮਝਿਆ। ਇਸ ਲਈ 14 ਅਪ੍ਰੈਲ, 1865 ਨੂੰ ਰਾਸ਼ਟਰਪਤੀ ਲਿੰਕਨ ਦਾ ਕਤਲ ਕਰਵਾ ਦਿੱਤਾ ਗਿਆ। ਇਸ ਤੋਂ ਬਾਅਦ ਗਰੀਨ ਬੈਂਕ ਡਾਲਰ ਬੰਦ ਕਰ ਦਿੱਤੇ ਗਏ ਅਤੇ ਰੌਥਸਚਾਈਲਡ ਨੇ ਬੈਂਕ ਕਰੰਸੀ ਛਾਪਣ ਦੇ ਅਧਿਕਾਰ ਮੁੜ ਪ੍ਰਾਪਤ ਕਰ ਲਏ। ਸੰਨ 1913 ਵਿੱਚ ਯੂਰਪ ਦੇ ਪ੍ਰਾਈਵੇਟ ਬੈਂਕਾਂ ਦੇ ਮਾਲਕ ਖ਼ਾਸ ਤੌਰ ਤੇ ਇੰਗਲੈਂਡ ਦੇ ਰੋਥਰਚਾਈਲਡ ਤੇ ਜਰਮਨੀ ਦੇ ਵਾਰਬਰਗਜ਼ ਨੇ ਆਪਣੇ ਅਮਰੀਕਾ ਵਿੱਚਲੇ ਸਾਥੀਆਂ ਨਾਲ ਮਿਲ ਕੇ 'ਯੂ.ਐਸ.ਫੈਡਰਲ ਰਿਜ਼ਰਵ' ਬੈਂਕ ਬਣਾਇਆ ਜਿਸ ਨੂੰ ਮੰਜ਼ੂਰੀ ਦੇਣ ਲਈ ਅਮੀਕਾ ਦੇ ਰਾਸ਼ਟਰਪਤੀ ਵੁਡਰੋ ਵਿਲਸਨ ਨੂੰ ਮਜ਼ਬੂਰ ਕੀਤਾ ਗਿਆ। ਇਹ ਬੈਂਕ ਕਰੰਸੀ ਨੋਟ ਛਾਪਦਾ ਰਿਹਾ ਪਰ ਪਹਿਲੀ ਸੰਸਾਰ ਜੰਗ ਦੌਰਾਨ ਅਮਰੀਕਾ ਨੂੰ ਇਸ ਦਾ ਕੌੜਾ ਤਜ਼ੁਰਬਾ ਹੋਇਆ। ਜਰਮਨੀ ਵਿੱਚ ਵੀ ਇਸੇ ਤਰ੍ਹਾਂ ਦਾ ਪ੍ਰਾਈਵੇਟ ਬੈਂਕ ਨੋਟ ਛਾਪ ਰਿਹਾ ਸੀ ਤੇ ਸਰਕਾਰ ਇਸ

ਦੀ ਕਰਜ਼ਈ ਸੀ। ਇਸ ਕਰਕੇ ਜਦੋਂ ਜਰਨਮੀ ਵਿੱਚ ਨੈਸ਼ਨਲ ਸੋਸ਼ਲਿਸਟ ਸਰਕਾਰ ਬਣੀ ਤਾਂ ਉਸ ਨੇ ਇਸ ਬੈਂਕ ਨੂੰ ਨੈਸ਼ਨੇਲਾਈਜ਼ ਕਰ ਲਿਆ। ਦੂਜੀ ਸੰਸਾਰ ਜੰਗ ਦੌਰਾਨ ਇੰਗਲੈਂਡ ਦੇ ਪ੍ਰਧਾਨ ਮੰਤਰੀ, ਚਰਚਿਲ ਨੂੰ ਪੈਸਿਆਂ ਵਾਸਤੇ 'ਬੈਂਕ ਆਫ਼ ਇੰਗਲੈਂਡ' ਦੇ ਤਰਲੇ ਕਰਨੇ ਪਏ। ਇਸ ਲਈ ਪ੍ਰਧਾਨ ਮੰਤਰੀ ਐਟਲੀ ਨੇ 1946 ਵਿੱਚ ਬੈਂਕ ਆਫ਼ ਇੰਗਲੈਂਡ ਨੂੰ ਨੈਸ਼ਨੇਲਾਈਜ਼ ਕਰ ਲਿਆ। ਜਦੋਂ ਜਾਨ੍ਹ ਐਫ ਕੈਨੇਡੀ ਅਮਰੀਕਾ ਦੇ ਰਾਸ਼ਟਰਪਤੀ ਬਣੇ ਤਾਂ ਉਸ ਨੇ ਇੰਗਲੈਂਡ ਅਤੇ ਜਰਮਨੀ ਵਾਂਗ 'ਫੈਡਰਲ ਰਿਜ਼ਰਵ ਬੈਂਕ' ਨੂੰ ਨੈਸ਼ਨੇਲਾਈਜ਼ ਕਰਨ ਦੀ ਬਜਾਏ ਅਮਰੀਕੀ ਖ਼ਜ਼ਾਨਾ ਵਿਭਾਗ ਨੂੰ ਸਰਕਾਰੀ ਕਰੰਸੀ ਛਾਪਣ ਦੇ ਹੁਕਮ ਦਿੱਤੇ ਜਦੋਂ ਬੈਂਕ ਅਧਿਕਾਰੀਆਂ ਨੇ ਨਵੀਂ ਸਰਕਾਰੀ ਕਰੰਸੀ ਦੀ ਮਕਬੂਲੀਅਤ ਵਧਦੀ ਦੇਖੀ ਤਾਂ ਜਾਨ੍ਹ ਐਫ਼ ਕੈਨੇਡੀ ਦਾ ਕਤਲ ਕਰਵਾ ਦਿੱਤਾ ਗਿਆ। ਇਸ ਤੋਂ ਅਗਲੇ ਅਮਰੀਕਾ ਦੇ ਮੀਤ ਪ੍ਰਧਾਨ ਜੌਨਸਨ ਨੇ ਤੁਰੰਤ ਸਰਕਾਰੀ ਨੋਟ ਬੰਦ ਕਰ ਦਿੱਤੇ। ਇਸ ਦੇ ਸਿੱਟੇ ਵਜੋਂ ਬੈਂਕ ਮਾਲਕਾਂ ਦੀ ਤਾਕਤ ਏਨੀ ਵਧ ਗਈ ਕਿ ਉਹ ਸਰਕਾਰਾਂ ਡੇਗਣ ਤੇ ਬਣਾਉਣ ਦੇ ਸਮਰੱਥ ਹੋ ਗਏ। ਭਾਰਤ ਵਿੱਚ ਵੀ 1898 ਵਿੱਚ ਸਰਕਾਰੀ ਅਧਿਕਾਰ ਅਧੀਨ 'ਰਿਜ਼ਰਵ ਬੈਂਕ ਆਫ਼ ਇੰਡੀਆ' ਹੋਂਦ ਵਿੱਚ ਆਇਆ ਜਿਸ 'ਤੇ ਭਾਰਤ ਸਰਕਾਰ ਦਾ ਪੂਰਾ ਕੰਟਰੋਲ ਹੈ।

1944 ਵਿੱਚ ਜਦੋਂ ਅਮਰੀਕਾ ਅਤੇ ਇੰਗਲੈਂਡ ਨੂੰ ਦੂਜੀ ਸੰਸਾਰ ਜੰਗ ਜਿੱਤਣ ਦਾ ਵਿਸ਼ਵਾਸ ਹੋ ਗਿਆ ਤਾਂ ਇਸ ਗੁੱਟ ਦੇ 44 ਦੇਸ਼ਾਂ ਦੇ ਨੁਮਾਂਇੰਦਿਆਂ ਨੇ ਅਮਰੀਕਾ ਦੇ ਸ਼ਹਿਰ ਨਿਊਹੈਂਪਸ਼ਾਇਰ ਵਿੱਚ ਇਕੱਠੇ ਹੋ ਕੇ ' ਬਰੈਟਨਵੁਡਜ਼ ਐਗਰੀਮੈਂਟ' ਤਿਆਰ ਕੀਤਾ ਜਿਸ ਰਾਹੀਂ ਦੋ ਅੰਤਰਰਾਸ਼ਟਰੀ ਅਦਾਰੇ ਕਾਇਮ ਕੀਤੇ ਗਏ। ਇੱਕ ਸੀ, 'ਇੰਟਰਨੈਸ਼ਨਲ ਮੋਨਿਟਰੀ ਫੰਡ(ਆਈ.ਐਮ.ਐਫ.) ਜਿਸ ਦਾ ਮੰਤਵ, ਸੰਸਾਰ ਦੇ ਸਰਮਾਏ ਸਬੰਧੀ ਅੰਤਰਰਾਸ਼ਟਰੀ ਮਸਲਿਆਂ ਨੂੰ ਹੱਲ ਕਰਨਾ ਅਤੇ ਅੰਤਰਰਾਸ਼ਟਰੀ ਵਪਾਰ ਨੂੰ ਸਹੂਲਤਾਂ ਦੇਣੀਆਂ ਸੀ। ਮੈਂਬਰ ਦੇਸ਼ਾਂ ਦੇ ਕੋਟੇ ਮਿਥੇ ਗਏ ਤੇ ਹਰ ਮੈਂਬਰ ਨੇ ਇਸ ਅਨੁਸਾਰ ਮੈਂਬਰਸ਼ਿਪ ਫੀਸ ਦੇਣੀ ਸੀ ਜਿਹੜੀ 25% ਤਾਂ ਸੋਨੇ ਜਾਂ ਅਮਰੀਕੀ ਡਾਲਰਾਂ ਦੀ ਸ਼ਕਲ ਵਿੱਚ ਅਤੇ ਬਾਕੀ ਦੀ ਆਪਣੀ ਕਰੰਸੀ ਵਿੱਚ, ਜਿਸ ਦੀ ਕੀਮਤ ਅਮਰੀਕੀ ਡਾਲਰ ਮੁਤਾਬਕ ਮਿਥੀ ਗਈ ਸੀ। ਕੋਟੇ ਦਾ ਇੱਕ ਯੂਨਿਟ ਇੱਕ ਲੱਖ ਅਮਰੀਕੀ ਡਾਲਰ ਦਾ ਸੀ। ਕੋਟੇ ਅਨੁਸਾਰ ਹੀ ਮੈਨੇਜਮੈਂਟ ਦੀ ਚੋਣ ਸਮੇਂ ਵੋਟਾਂ ਦਾ ਅਧਿਕਾਰ ਦਿੱਤਾ ਗਿਆ। ਇਸ ਵਿੱਚ ਅਮਰੀਕਾ ਦਾ ਸਭ ਤੋਂ ਵੱਧ ਕੋਟਾ 2750 ਅਤੇ ਭਾਰਤ ਦਾ 400 ਸੀ। ਹਰ ਦੇਸ਼ ਦੀ ਕਰੰਸੀ ਦਾ ਵਟਾਂਦਰਾ-ਮੁੱਲ ਸੋਨੇ 'ਤੇ ਅਧਾਰਤ ਮੰਨਿਆਂ ਗਿਆ ਜਾਂ ਅਮਰੀਕੀ ਡਾਲਰ ਜਿਸ ਦੀ ਜੋ ਸੋਨਾ ਖਰੀਦ ਸ਼ਕਤੀ 1 ਜੁਲਾਈ, 1944 ਨੂੰ ਸੀ, ਦੇ ਬਰਾਬਰ ਗਿਣਿਆਂ ਜਾਣਾ ਸੀ। ਜੇ ਕਿਸੇ ਦੇਸ਼ ਨੂੰ ਮੈਂਬਰਸ਼ਿਪ ਵਜੋਂ ਦਿੱਤੀ ਕਰੰਸੀ ਦੀ ਲੋੜ ਪੈ ਜਾਵੇ ਤਾਂ ਉਹ ਉਸ ਦੇ ਬਦਲੇ ਸੋਨਾ ਦੇ ਕੇ ਕਰੰਸੀ ਵਾਪਸ ਲੈ ਸਕਦਾ ਹੈ। ਹਰ ਦੇਸ਼ ਨੂੰ ਆਪਣੇ ਦੇਸ਼ ਵਿੱਚ ਮੌਜੂਦ ਸੋਨੇ ਦੀ ਮਾਤਰਾ, ਅਮਰੀਕੀ ਡਾਲਰ, ਸੋਨੇ ਦਾ ਉਤਪਾਦਨ ਅਤੇ ਇਸ ਦੀ ਬਰਾਮਦ-ਦਰਾਮਦ ਅਤੇ ਬਕਾਇਆ ਅੰਤਰਰਾਸ਼ਟਰੀ ਅਦਾਇਗੀਆਂ ਦੀ ਸੂਚਨਾ ਆਈ.ਐਮ.ਐਫ ਨੂੰ ਦੇਣੀ ਲਾਜ਼ਮੀ ਹੈ।

1944 ਦੇ ਬਰੈਟਨਵੁਡਜ਼ ਐਗਰੀਮੈਂਟ ਨੇ ਅਮਰੀਕਾ ਦੇ ਡਾਲਰ ਨੂੰ ਸੰਸਾਰ ਵਪਾਰ ਦਾ ਮਾਧਿਅਮ ਬਣਾ ਕੇ ਇਸ ਦੇਸ਼ ਦੇ 'ਫ਼ੈਡਰਲ ਰਿਜ਼ਰਵ ਬੈਂਕ' ਦੀ ਸੰਸਾਰ ਵਿੱਚ ਸਰਦਾਰੀ ਕਾਇਮ ਕਰ ਦਿੱਤੀ। ਇਸ ਐਗਰੀਮੈਂਟ ਤਹਿਤ ਹੀ ਆਈ.ਐਮ.ਐਫ਼ ਦੇ ਮੈਂਬਰਾਂ ਨੇ "ਮੁੜ ਉਸਾਰੀ ਅਤੇ ਉੱਨਤੀ ਲਈ ਅੰਤਰਰਾਸ਼ਟਰੀ ਬੈਂਕ" ਜਿਸ ਨੂੰ ਆਮ ਕਰਕੇ ਵਰਲ਼ਡ ਬੈਂਕ ਕਿਹਾ ਜਾਂਦਾ ਹੈ, ਖੋਲ੍ਹਣ ਦਾ ਫੈਸਲਾ ਲਿਆ। ਇਸ ਬੈਂਕ ਦੇ ਮੁਢਲੇ ਮੈਂਬਰ ਆਈ.ਐਮ.ਐਫ਼ ਵਾਲੇ ਹੀ ਸਨ। ਇਸ ਦਾ ਮੁਢਲਾ ਸਟਾਕ ਦਸ ਅਰਬ ਡਾਲਰ ਸੀ ਜਿਸ ਨੂੰ ਇੱਕ-ਇੱਕ ਲੱਖ ਦੇ ਇੱਕ ਲੱਖ ਸ਼ੇਅਰਾਂ ਵਿੱਚ ਵੰਡਿਆ ਗਿਆ ਅਤੇ ਮੈਂਬਰਾਂ ਨੂੰ ਆਪਣੇ ਆਪਣੇ ਨਿਯਤ ਕੋਟੇ ਅਨੁਸਾਰ ਸ਼ੇਅਰ ਖਰੀਦਣ ਦਾ ਅਧਿਕਾਰ ਦਿੱਤਾ ਗਿਆ। ਇਹ ਮੈਂਬਰਸ਼ਿਪ, ਸ਼ੇਅਰਾਂ ਦੀ ਕੀਮਤ ਸੋਨੇ ਜਾਂ ਅਮਰੀਕੀ ਡਾਲਰਾਂ ਵਿੱਚ ਅਦਾ ਕਰਨੀ ਸੀ।

ਹੌਲੀ ਹੌਲੀ ਈਰਾਨ, ਸੀਰੀਆ, ਲਿਬਨਾਨਨ ਸੋਮਾਲੀਆ, ਸੂਡਾਨ,ਇਰਾਕ ਤੇ ਰੂਸ ਨੂੰ ਛੱਡ ਕੇ ਸਾਰੇ ਦੇਸ਼ਾਂ ਨੇ ਅਮਰੀਕੀ ਡਾਲਰ ਦੀ ਗੁਲਾਮੀ ਪ੍ਰਵਾਨ ਕਰ ਲਈ। ਕਿਸੇ ਦੇਸ਼ ਵਿੱਚ ਜਾ ਕੇ ਕੁੱਝ ਵੀ ਲੈਣਾ ਹੋਵੇ ਤਾਂ ਤੁਹਾਡੇ ਪਾਸ ਅਮਰੀਕੀ ਡਾਲਰ ਹੋਣੇ ਚਾਹੀਦੇ ਹਨ। ਅਮਰੀਕਾ ਦਾ 'ਫ਼ੈਡਰਲ ਰਿਜ਼ਰਵ ਬੈਂਕ' ਡਾਲਰ ਛਾਪ ਕੇ ਵਿਦੇਸ਼ੀ ਕਰੰਸੀ ਦੇ ਤੌਰ 'ਤੇ ਸੋਨੇ ਜਾਂ ਚਾਂਦੀ ਬਦਲੇ ਦੂਜੇ ਦੇਸ਼ਾਂ ਨੂੰ ਦਿੰਦਾ ਹੈ। ਪਹਿਲਾਂ ਅਮਰੀਕਾ ਨੇ 35 ਡਾਲਰਾਂ ਦੇ ਬਦਲੇ 30 ਗ੍ਰਾਮ ਸੋਨਾ ਦੇਣ ਦਾ ਵਾਇਦਾ ਕੀਤਾ ਪਰ ਜਦੋਂ ਉਸ ਨੇ ਦੇਖਿਆ ਕਿ ਜਿੰਨੇ ਨੋਟ ਉਹ ਛਾਪ ਚੁੱਕਾ ਹੈ, ਉਸ ਪਾਸ ਸੋਨਾ ਤਾਂ ਉਸ ਤੋਂ ਦਸਵਾਂ ਹਿੱਸਾ ਵੀ ਨਹੀ ਹੈ ਤਾਂ ਉਸ ਨੇ ਗਰੰਟੀ ਸਸਪੈਂਡ ਕਰ ਦਿੱਤੀ। ਹੁਣ ਅਮਰੀਕਾ ਨੇ ਖਾੜੀ ਦੇਸ਼ਾਂ ਨੂੰ ਫੌਜੀ ਸੁਰੱਖਿਆ ਦੀ ਗਰੰਟੀ ਦੇ ਕੇ ਜ਼ੋਰ ਪਾਇਆ ਕਿ ਉਹ ਆਪਣਾ ਤੇਲ ਸਿਰਫ਼ ਅਮਰੀਕੀ ਡਾਲਰਾਂ ਦੇ ਬਦਲੇ ਹੀ ਵੇਚਣ ਤੇ ਇਹ ਡਾਲਰ ਅਮਰੀਕੀ ਬੈਂਕਾਂ ਵਿੱਚ ਜਮ੍ਹਾਂ ਕਰਾਉਣ ਜਾਂ ਅਮਰੀਕਾ ਵਿੱਚ ਨਿਵੇਸ਼ ਕਰਨ। ਇਰਾਕ ਅਤੇ ਲਿਬੀਆ ਨੇ ਇਹ ਸ਼ਰਤ ਨਾ ਮੰਨੀ ਤਾਂ ਉਨ੍ਹਾਂ 'ਤੇ ਹਮਲਾ ਕਰ ਕੇ ਤਬਾਹ ਕਰ ਦਿੱਤਾ ਗਿਆ। ਹੁਣ ਇਨਕਾਰ ਕਰਨ ਵਾਲੇ ਇਰਾਨ ਦੀ ਵਾਰੀ ਹੈ।

ਅਮਰੀਕਾ ਦੇ 'ਫ਼ੈਡਰਲ ਰਿਜ਼ਰਵ ਬੈਂਕ' ਸਣੇ ਬਹੁਤੇ ਬੈਂਕਾਂ 'ਤੇ ਕੁੱਝ ਘਰਾਣਿਆਂ ਤੇ ਕਾਰਪੋਰੇਟਾਂ ਦਾ ਕਬਜ਼ਾ ਹੈ। ਇਨ੍ਹਾਂ ਦੇ ਬੈਂਕਾਂ ਵਿੱਚ ਦੁਨੀਆਂ ਦਾ 80% ਪੈਸਾ ਜਮ੍ਹਾਂ ਹੈ। ਇਨ੍ਹਾਂ ਬੈਂਕਾਂ ਦੀ ਨੀਤੀ ਹੈ ਕਿ ਲੋਕਾਂ ਨੂੰ ਜਿੰਨਾਂ ਵੱਧ ਤੋਂ ਵੱਧ ਹੋ ਸਕੇ

ਕਰਜ਼ਈ ਕਰ ਦਿਉ। ਘਰੇਲੂ ਖਰੀਦਦਾਰੀ ਲਈ ਹਰ ਆਦਮੀ ਦੀ ਜੇਬ੍ਹ ਵਿੱਚ ਇੱਕ ਕਾਰਡ ਪਾ ਦਿਉ ਜਿਸ ਨਾਲ ਉਹ ਬਿਨਾਂ ਪੈਸੇ ਅਦਾ ਕੀਤੇ ਉਧਾਰ ਖਰੀਦ ਸਕੇ। ਲੋਕਾਂ ਨੂੰ ਉਧਾਰ ਲੈਣ ਦੀ ਆਦਤ ਪਾ ਦਿਉ ਤੇ ਜਦੋਂ ਉਹ ਉਧਾਰ ਲਿਆ ਪੈਸਾ ਜਾਂ ਸਮਾਨ ਦੀ ਕੀਮਤ ਨਾ ਮੋੜ ਸਕਣ ਤਾਂ ਉਨ੍ਹਾਂ 'ਤੇ ਵੱਧ ਵਿਆਜ ਲਾ ਕੇ ਜਿੰਨਾਂ ਸ਼ੋਸ਼ਣ ਕੀਤਾ ਜਾ ਸਕਦਾ ਹੈ, ਕਰੋ। ਜਦੋਂ ਲੋਕ ਕਰਜ਼ੇ ਤੋਂ ਤੰਗ ਆ ਜਾਣਗੇ ਤਾਂ ਉਹ ਆਪਣੀਆਂ ਸਰਕਾਰਾਂ ਦੇ ਗਲ਼ ਪੈਣਗੇ। ਇਸ ਹਾਲਤ ਵਿੱਚ ਸਰਕਾਰਾਂ ਵਰਲਡ ਬੈਂਕ ਤੋਂ ਕਰਜ਼ੇ ਦੀ ਮੰਗ ਕਰਨਗੀਆਂ। ਉਨ੍ਹਾਂ ਨੂੰ ਵੱਧ ਤੋਂ ਵੱਧ ਕਰਜ਼ਾ ਦੇ ਕੇ ਆਪਣੀਆਂ ਸ਼ਰਤਾਂ ਮੰਨਵਾ ਲਓ ਤੇ ਉਨ੍ਹਾਂ ਨੂੰ ਸਰਕਾਰੀ ਨੀਤੀਆਂ ਅਮਰੀਕਾ ਹੱਕ ਵਿੱਚ ਬਣਾਉਣ ਲਈ ਮਜ਼ਬੂਰ ਕਰ ਦਿਉ। ਜੇ ਕੋਈ ਦੇਸ਼-ਮੁਖੀ ਨਹੀਂ ਮੰਨਦਾ ਤਾਂ ਉਸ ਦੇਸ਼ ਦੀ ਸਰਕਾਰ ਦਾ ਰਾਜ ਪਲਟਾ ਕਰਵਾ ਦਿਉ।

ਹੁਣ 1995 ਤੋਂ 160 ਦੇਸ਼ਾਂ ਦੀ ਮੈਂਬਰਸ਼ਿਪ ਵਾਲੀ ਵਰਲਡ ਟਰੇਡ ਆਰਗੇਨਾਈਜ਼ੇਸ਼ਨ (WTO) ਹੋਂਦ ਵਿੱਚ ਆ ਗਈ ਹੈ ਜੋ ਵਿਸ਼ਵ ਦੇ 95% ਵਪਾਰ ਨਾਲ ਸਬੰਧਿਤ ਹੈ। ਇਸ ਸਮਝੌਤੇ ਅਧੀਨ ਮੈਂਬਰ ਦੇਸ਼ਾਂ ਨੂੰ ਹਰੇ, ਨੀਲੇ ਤੇ ਪੀਲੇ ਤਿੰਨ ਖ਼ਾਨਿਆਂ ਵਿੱਚ ਰੱਖਿਆ ਗਿਆ ਹੈ। ਹਰੇ ਰੰਗ ਦੇ ਬਾਕਸ ਵਿੱਚ ਵਿਕਸਿਤ ਦੇਸ਼ ਸ਼ਾਮਿਲ ਹਨ ਜਿਨ੍ਹਾਂ 'ਤੇ ਖੇਤੀ ਲਈ ਦਿੱਤੀ ਸਬਸਿਡੀ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਨੀਲੇ ਰੰਗ ਵਿਚ ਉਹ ਦੇਸ਼ ਹਨ ਜਿਨ੍ਹਾਂ ਦੀ ਉਪਜ ਤੇ ਸਬਸਿਡੀ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ, ਪੀਲੇ ਖਾਨੇ ਵਿੱਚ ਉਹ ਦੇਸ਼ ਆਉਂਦੇ ਹਨ ਜਿਨ੍ਹਾਂ ਦੀ ਖੇਤੀ ਉਪਜ ਦੇ ਮਿਆਰ ਨੂੰ ਸੁਧਾਰਨ ਦੀ ਲੋੜ ਹੈ। ਵਿਕਸਿਤ ਦੇਸ਼ ਜਿਨ੍ਹਾਂ ਵਿੱਚ ਅਮਰੀਕਾ, ਕੈਨੇਡਾ ਤੇ ਅਸਟਰੇਲੀਆ ਸ਼ਾਮਲ ਹਨ, ਦਾ ਕੁੱਲ ਰਕਬਾ ਭਾਰਤ ਤੋਂ ਤਿੰਨ ਗੁਣਾ ਜ਼ਿਆਦਾ ਹੈ ਜਦੋਂਕਿ ਅਬਾਦੀ 40 ਕਰੋੜ ਤੋਂ ਵੀ ਘੱਟ ਹੈ। ਇਸ ਲਈ ਖਾਣ ਵਾਲਿਆਂ ਦੀ ਗਿਣਤੀ ਖੇਤੀ ਪੈਦਾਵਾਰ ਤੋਂ ਬਹੁਤ ਘੱਟ ਹੈ। ਉਹ ਆਪਣਾ ਅਨਾਜ ਤੇ ਇਸ ਤੋਂ ਬਣਨ ਵਾਲੀਆਂ ਚੀਜ਼ਾਂ ਬਾਹਰਲੇ ਦੇਸ਼ਾਂ ਦੀਆਂ ਮੰਡੀਆਂ ਵਿੱਚ ਬਿਨਾਂ ਕਿਸੇ ਰੁਕਾਵਟ ਤੇ ਟੈਕਸ ਤੋਂ ਵੇਚਣਾ ਚਾਹੁੰਦੇ ਹਨ। ਭਾਰਤ ਵਿਸ਼ਵ ਖੇਤੀਬਾੜੀ ਸਮਝੌਤੇ ਦਾ ਵੀ ਪਾਬੰਦ ਹੈ ਜਿਸ ਅਨੁਸਾਰ ਸਰਕਾਰ ਖੇਤੀ ਉਪਜ ਦੀ 10% ਤੋਂ ਵੱਧ ਖਰੀਦ ਨਹੀਂ ਕਰ ਸਕਦੀ। ਵਿਕਸਿਤ ਦੇਸ਼ ਇਸ ਸਮਝੌਤੇ ਨੂੰ ਲਾਗੂ ਕਰਨ ਲਈ ਵੀ ਭਾਰਤ ਸਰਕਾਰ 'ਤੇ ਜ਼ੋਰ ਪਾ ਰਹੇ ਹਨ। ਉਨ੍ਹਾਂ ਦੇਸ਼ਾਂ ਨੇ ਭਾਰਤੀ ਨੇਤਾਵਾਂ ਨੂੰ ਖੇਤੀ ਸਬਸਿਡੀ ਖ਼ਤਮ ਕਰਨ, ਸਰਕਾਰੀ ਖ਼ਰੀਦ ਬੰਦ ਕਰਨ ਤੇ ਵਿਕਸਿਤ ਦੇਸ਼ਾਂ ਨੂੰ ਮੁਫ਼ਤ ਬਜ਼ਾਰ ਦੇਣਾ ਮੰਨਵਾ ਲਿਆ ਹੈ। ਇਹ ਹੀ ਕਾਰਨ ਹੈ ਕਿ ਜਦੋਂ ਭਾਰਤੀ ਸਿਅਸਤਦਾਨ ਅਮਰੀਕਾ ਜਾਂਦੇ ਹਨ ਤਾਂ ਉਨ੍ਹਾਂ ਦਾ ਉੱਥੇ ਭਰਵਾਂ ਸਵਾਗਤ ਕੀਤਾ ਜਾਂਦਾ ਹੈ।

ਉਪਰੋਕਤ ਵੇਰਵਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਸਾਰ ਭਰ ਦੀਆਂ ਕਰੰਸੀਆਂ ਵਿੱਚੋਂ ਅਮਰੀਕੀ ਡਾਲਰ ਪ੍ਰਧਾਨ ਕਿਉਂ ਹੈ ਅਤੇ ਇਸ ਦਾ ਮੁੱਲ ਕਿਉਂ ਵਧ ਰਿਹਾ ਹੈ ਤੇ ਭਾਰਤੀ ਰੁਪਇਆ ਥੱਲੇ ਵੱਲ ਕਿਉਂ ਤਿਲਕ ਰਿਹਾ ਹੈ। ਡਾਲਰ ਦੀ ਕੀਮਤ ਵਧਣ-ਘਟਣ ਨਾਲ ਮਾਰਕੀਟ ਕਿਉਂ ਡੋਲਦੀ ਹੈ ਅਤੇ ਅਰਥਚਾਰੇ ਨੂੰ ਕੌਣ ਕੰਟਰੋਲ ਕਰ ਰਿਹਾ ਹੈ? ਇਸ ਤੋਂ ਕਿਸਾਨ ਦੀ ਮਾੜੀ ਹਾਲਤ ਅਤੇ ਗਰੀਬ ਤੇ ਅਮੀਰ ਵਿਚਕਾਰ ਵਧ ਰਹੇ ਪਾੜੇ ਦੀ ਵੀ ਸਮਝ ਪੈਂਦੀ ਹੈ। ਅਸਲ ਵਿੱਚ ਅਮਰੀਕਾ ਤੇ ਉਸ ਦੇ ਅਰਥਚਾਰੇ ਨੂੰ ਵੀ ਹੋਰ ਸਰਮਾਏਦਾਰ ਸ਼ਕਤੀਆਂ ਚਲਾ ਰਹੀਆਂ ਹਨ।

(ਜਗਾਹ ਦੀ ਕਮੀ ਕਾਰਨ ਲੇਖਕ ਦੇ ਅਸਲ ਲੇਖ ਨੂੰ ਕਾਂਟ-ਛਾਂਟ ਕੀਤਾ ਗਿਆ ਹੈ ਪਰ ਤੱਥ ਨਹੀਂ ਬਦਲੇ ਗਏ)

❊ ❊ ❊ ❊ ❊

ਕਵਿਤਾ

ਸੁਰਜੀਤ ਕੌਰ
ਸੈਕਰਾਮੈਂਟੋ

ਰਾਤ ਹਨੇਰੀ ਬੱਦਲ ਗੜਕੇ
ਕੜਕ ਕੜਕ ਕੜ ਬਿਜਲੀ ਕੜਕੇ।
ਡਾਢਾ ਸ਼ੋਰ ਹਵਾ ਨੇ ਪਾਇਆ
ਖੜਖੜ ਖੜਖੜ ਬ੍ਹੂਹਾ ਖੜਕੇ।
ਸਹਿਮੀ ਜਿਹੀ ਇੱਕ ਨਾਰ ਹੈ ਬੈਠੀ
ਹੱਥਾਂ ਵਿੱਚ ਕਲੇਜਾ ਫੜ ਕੇ।
ਤਨ ਤੰਦੂਰ 'ਚੋਂ ਸੇਕ ਨਿਕਲਦਾ
ਅੰਦਰ ਦੀ ਅੱਗ ਜਦ ਵੀ ਭੜਕੇ।
ਆਪਣੇ ਆਪੇ ਤੋਂ ਡਰ ਜਾਵੇ
ਦਿਲ ਦੀ ਕੋਠੀ ਜ਼ੋਰ ਦੀ ਧੜਕੇ।
ਕਿਸੇ ਨੇ ਆ ਬ੍ਹੂਹਾ ਖੜਕਾਇਆ
ਸੁਬ੍ਹ ਸਵੇਰੇ ਤੜਕੇ ਤੜਕੇ।
ਕਈ ਸਾਲਾਂ ਤੋਂ ਘਰ ਨਹੀਂ ਮੁੜਿਆ
ਪੁੱਤ ਗਿਆ ਸੀ ਮਾਂ ਨਾਲ ਲੜ ਕੇ।
ਮਰਦ ਤੁਰ ਗਿਆ ਦੇਸ ਪਰਾਏ
ਕਿੱਧਰੇ ਦੂਰ ਜਹਾਜ਼ੇ ਚੜ੍ਹ ਕੇ।
ਨਾ ਮੁੜਿਆ ਨਾ ਸੁਪਨਾ ਆਇਆ
ਵਕਤ ਲੰਘਾਵੇ ਅੰਦਰ ਵੜ ਕੇ।
ਕੱਲੀ ਕਾਰੀ ਲੁਕ ਲੁਕ ਜੀਂਦੀ
ਅੱਖ ਸ਼ਰੀਕਾਂ ਦੀ ਵਿੱਚ ਰੜਕੇ।
ਦਿਨ ਚੜ੍ਹਿਆ ਪਏ ਲੋਕੀਂ ਆਖਣ
ਮਰ ਗਈ ਆਪੇ ਘਰ ਵਿੱਚ ਸੜ ਕੇ ।

❊ ❊ ❊ ❊ ❊

ਹੱਡਬੀਤੀ

ਆ ਗੇ ਓਏ ਪਾਕਿਸਤਾਨੀ ਫ਼ੌਜੀ

ਇੰਦਰਜੀਤ ਸਿੰਘ ਬਣਵੈਤ
ਭਲਿਆਣ

ਬਾਹਰ ਅਜੇ ਘੁਸਮੁਸਾ ਹੀ ਸੀ। ਪਿੰਡ ਦੀ ਚੜ੍ਹਦੀ ਬਾਹੀ ਵਲੋਂ ਉੱਚੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਹੋਰਾਂ ਵਾਂਗ ਮੈਂ ਵੀ ਉਸੇ ਪਾਸੇ ਵੱਲ ਨੂੰ ਦੌੜਿਆ। "ਆ ਗੇ ਓਏ ਪਾਕਿਸਤਾਨੀ ਫ਼ੌਜੀ, ਖੇੜੀ ਦੇ ਬਾਗ ਤੋਂ ਉਰ੍ਹਾਂ ਉਤਰੇ ਆ ਛਤਰੀਆਂ ਰਾਹੀਂ, ਬੱਸ ਪਹੁੰਚਣ ਆਲੇ ਹੀ ਹੋਣੇ ਆਂ, ਗੋਲੀਆਂ ਕਿ ਚੱਲੀਆਂ ਕਿ ਚੱਲੀਆਂ", ਬੁਰੀ ਤਰ੍ਹਾਂ ਹੌਂਕ ਰਿਹਾ ਪਿੰਡ ਦਾ ਇੱਕ ਨੌਜਵਾਨ ਹੁਣੇ ਹੁਣੇ ਵਾਪਰੀ ਘਟਨਾ ਬਿਆਨ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਮੁੰਡਾ ਖੇਤਾਂ ਵਿੱਚ ਜੰਗਲ ਪਾਣੀ ਗਿਆ ਸੀ ਤੇ ਉਸ ਨੂੰ ਅਸਮਾਨ ਵਲੋਂ ਚਮਕਦੇ ਗੋਲ਼ੇ ਧਰਤੀ ਵੱਲ ਨੂੰ ਆਉਂਦੇ ਦਿਖਾਈ ਦਿੱਤੇ ਤੇ ਉਸ ਨੇ ਪਿੰਡ ਵੱਲ ਨੂੰ ਸ਼ੂਟ ਵੱਟ ਦਿੱਤੀ।

1971 ਦੀ ਭਾਰਤ-ਪਾਕਿਸਤਾਨ ਜੰਗ ਛਿੜੀ ਹੋਈ ਸੀ। ਹਰ ਪਾਸੇ ਸ਼ੱਕ ਦਾ ਮਾਹੌਲ ਸੀ, ਅਫ਼ਵਾਹਾਂ ਦਾ ਬਾਜ਼ਾਰ ਗਰਮ ਰਹਿੰਦਾ। ਜੰਗ ਸਬੰਧੀ ਸੂਚਨਾਵਾਂ ਅਖ਼ਬਾਰਾਂ ਜਾਂ ਰੇਡੀਓ (ਟਰਾਂਜ਼ਿਸਟਰ) ਤੋਂ ਮਿਲਦੀਆਂ ਸਨ। ਅਖ਼ਬਾਰ ਅੱਜ ਵਾਂਗ ਘਰ ਘਰ ਨਹੀ ਸੀ ਆਉਂਦੇ ਤੇ ਰੇਡੀਓ ਵੀ ਟਾਵੇਂ ਟਾਵੇਂ ਘਰਾਂ ਵਿੱਚ ਹੋਇਆ ਕਰਦਾ ਸੀ। ਉਦੋਂ ਲੋਕ 'ਕੱਠੇ ਬੈਠ ਕੇ ਖ਼ਬਰਾਂ ਸੁਣਦੇ ਸਨ। ਇਸ ਜੰਗ ਵਿੱਚ ਭਾਰਤ ਦੀ ਚੜ੍ਹਾਈ ਸੀ ਤੇ ਲੋਕੀਂ ਖ਼ਬਰਾਂ ਸੁਣ ਆਪਣੇ ਜਵਾਨਾਂ ਦੀ ਬੇਮਿਸਾਲ ਬਹਾਦਰੀ 'ਤੇ ਅਸ਼-ਅਸ਼ ਕਰ ਉੱਠਦੇ। ਫ਼ੌਜੀ ਪਰਿਵਾਰ ਦਾ ਮੈਂਬਰ ਹੋਣ ਕਰ ਕੇ ਮੈਂ ਅਜਿਹੀਆਂ ਖ਼ਬਰਾਂ 'ਤੇ ਹੋਰ ਵੀ ਮਾਣ ਮਹਿਸੂਸ ਕਰਦਾ ਪਰ ਪਰਿਵਾਰ ਦੇ ਵੱਡੇ ਮੈਂਬਰ ਵਧੇਰੇ ਕਰ ਕੇ ਚੁੱਪਚਾਪ ਕੰਮ ਵਿੱਚ ਰੁੱਝੇ ਰਹਿੰਦੇ। ਮੈਨੂੰ ਰੇਡੀਓ ਸੁਣਦੇ ਨੂੰ ਉਹ ਇੱਕੋ ਸਵਾਲ ਕਰਦੇ, "ਹੋ ਗੀ ਲੜਾਈ ਬੰਦ?"

ਇਸੇ ਦੌਰਾਨ ਚਮਤਕਾਰ ਗੋਲ਼ੇ ਮੁੜ ਗਿਰਨੇ ਸ਼ੁਰੂ ਹੋ ਗਏ। ਭੀੜ ਠਠੰਬਰ ਗਈ। ਨੌਜਵਾਨ ਦੀ ਕਹਾਣੀ 'ਤੇ ਸਾਰਿਆਂ ਨੂੰ ਯਕੀਨ ਆ ਚੁੱਕਾ ਸੀ। ਇਉਂ ਲਗਦਾ ਸੀ ਜਿਵੇਂ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਕੋਈ ਵਾਰਦਾਤ ਹੋ ਰਹੀ ਸੀ। ਉਸੇ ਮੁੰਡੇ ਨੇ ਚੁੱਪ ਤੋੜਦਿਆਂ ਕਿਹਾ, "ਪੱਕੀ ਗੱਲ ਆ ਪਾਕਿਸਤਾਨੀ ਛਾਪਾਮਾਰ ਫ਼ੌਜੀ ਹੀ ਉਤਾਰੇ ਜਾ ਰਹੇ ਹਨ, ਇਨ੍ਹਾਂ ਕੋਲ ਤਾਂ ਹਥਿਆਰ ਵੀ ਹੋਣਗੇ, ਆਪਣੇ ਤਾਂ ਸਾਰੇ ਪਿੰਡ ਵਿੱਚ ਕਿਸੇ ਕੋਲ ਬੰਦੂਕ ਵੀ ਨੀ ਹੈਗੀ"। ਸੰਭਾਵੀ ਹਮਲੇ ਨੇ ਸਾਨੂੰ ਸੁੰਨ ਕਰ ਦਿੱਤਾ ਸੀ। ਪਿੰਡ ਦੇ ਦੋ-ਤਿੰਨ ਸਾਬਕਾ ਫ਼ੌਜੀਆਂ ਨੂੰ ਵੀ ਇਹ ਅਦਭੁੱਤ ਦ੍ਰਿਸ਼ ਦਿਖਾਇਆ ਗਿਆ ਪਰ ਕੋਈ ਵੀ ਗੁੰਝਲ ਨਾ ਖੋਲ੍ਹ ਸਕਿਆ। ਪਿੰਡ ਦੇ ਦੋ ਸੇਵਾਮੁਕਤ ਅਧਿਆਪਕਾਂ ਨੇ ਭੀੜ ਨੂੰ ਗੁਰਦੁਆਰੇ ਵੱਲ ਜਾਣ ਦਾ ਇਸ਼ਾਰਾ ਕੀਤਾ। ਕੀ ਕਰਨਾ ਤੇ ਕੀ ਨਹੀਂ ਕਰਨਾ, ਬਾਬਤ ਹੋਰ ਘੰਟਾ ਭਰ ਚਰਚਾ ਹੁੰਦੀ ਰਹੀ ਪਰ ਗੱਲ ਕਿਸੇ ਤਣ ਪੱਤਣ ਨਾ ਲੱਗੀ। ਐਨਾ ਕੁ ਫ਼ੈਸਲਾ ਜ਼ਰੂਰ ਹੋ ਗਿਆ ਕਿ ਮੁਸੀਬਤ 'ਚ ਇੱਕ-ਦੂਜੇ ਦੀ ਮਦਦ ਕੀਤੀ ਜਾਵੇ। ਕਿਸਮਤ ਦਾ ਫ਼ੈਸਲਾ ਵਾਹਿਗੁਰੂ 'ਤੇ ਛੱਡ ਸਾਰੇ ਘਰਾਂ ਨੂੰ ਚਲੇ ਗਏ।

ਘਰ ਵਿੱਚ ਹਨੇਰੇ (ਬਲੈਕ ਆਉਟ) ਕਾਰਨ ਚੁੱਪ ਪਸਰੀ ਪਈ ਸੀ। ਮੈਨੂੰ ਵਿਹੜੇ ਵੜਦਿਆਂ ਹੀ ਬੀਬੀ ਗਾਲਾਂ 'ਤੇ ਉੱਤਰ ਆਈ, "ਕੰਜਰਾ ਤੈਨੂੰ ਕੋਈ ਡਰ ਭੈਅ ਨ੍ਹੀਂ, ਹਾਹਾਕਾਰ ਮਚੀ ਵੀ ਆ, ਇੱਕੋ ਬਥੇਰਾ ਤੇਰਾ ਬਾਪ ਬਾਡਰ ਪਰ ਬਹਾਦਰੀ ਦਿਖਾਉਣ ਨੂੰ, ਅੰਦਰ ਆ ਜਾ ਟੁੱਟ ਪੈਣਿਆਂ..."। ਬੀਬੀ ਅਜੇ ਵੀ ਬੁੜ ਬੁੜ ਕਰੀ ਜਾ ਰਹੀ ਸੀ ਪਰ ਮੈਂ ਮਲਕ ਦੇਣੇ ਦਰਵਾਜ਼ਾ ਖੋਲ੍ਹ ਅੰਦਰ ਡਹੇ ਮੰਜੇ 'ਤੇ ਬੈਠ ਗਿਆ। ਘਰ ਦੇ ਬਾਕੀ ਬੱਚੇ ਮੇਰੇ ਵੱਲ ਇਉਂ ਦੇਖ ਰਹੇ ਸਨ ਜਿਵੇਂ ਮੈਂ ਮੁਸਲਮਾਨ ਫ਼ੌਜੀਆਂ ਨੂੰ ਦੇਖ ਕੇ ਆਇਆ ਹੋਵਾਂ।

ਰੋਟੀ ਖਾ ਕੇ ਮੈਂ ਵੀ ਮੰਜੇ 'ਤੇ ਪੈ ਗਿਆ। ਦੁੱਧ ਨੂੰ ਜਾਗ ਲਾ ਕੇ ਬੀਬੀ ਚਾਟੀ ਅੰਦਰ ਹੀ ਲੈ ਆਈ। ਉਸ ਨੂੰ ਡਰ ਸੀ ਕਿ ਦੁਸ਼ਮਣ ਫ਼ੌਜੀ ਇਸ ਵਿੱਚ ਜ਼ਹਿਰ ਨਾ ਮਿਲਾ ਜਾਣ। ਅਜਿਹੀਆਂ ਅਫ਼ਵਾਹਾਂ ਅਕਸਰ ਸੁਣਨ ਨੂੰ ਮਿਲਦੀਆਂ ਸਨ ਕਿ ਫ਼ਲਾਣੇ ਸ਼ਹਿਰ ਵਿੱਚ ਪਾਕਿਸਤਾਨੀ ਜਸੂਸ ਜ਼ਹਿਰ ਮਿਲਾਉਣ ਲਈ ਪਾਣੀ ਦੀ ਟੈਂਕੀ 'ਤੇ ਚੜ੍ਹ ਗਿਆ ਸੀ ਜਾਂ ਧਿਮਕੇ ਸ਼ਹਿਰ ਵਿੱਚ ਪੁਲਿਸ ਨੇ ਫ਼ੌਜੀ ਟਿਕਾਣੇ ਨੇੜੇ ਸ਼ੱਕੀ ਹਾਲਤ 'ਚ ਘੁੰਮਦੇ ਜਾਸੂਸ ਨੂੰ ਕਾਬੂ ਕਰ ਲਿਆ। ਛਾਪਾਮਾਰਾਂ ਦੇ ਖ਼ੌਫ਼ ਕਾਰਨ ਨੀਂਦ ਨਹੀਂ ਆ ਰਹੀ ਸੀ। ਉਸਲਵੱਟੇ ਲੈਂਦਿਆਂ ਅੱਧੀ ਰਾਤ ਹੋ ਗਈ। ਅਚਾਨਕ ਛੱਤ ਤੋਂ ਮਿੱਟੀ ਖੁਰਚਣ ਦੀ ਆਵਾਜ਼ ਸੁਣਾਈ ਦੇਣ ਲੱਗੀ। ਮੈਂ ਇੱਕਦਮ ਕੰਬ ਗਿਆ। 'ਭਿਆਨਕ' ਸਰਸਰਾਹਟ ਸੁਣ ਬਾਕੀ ਜੀਅ ਵੀ ਖੜ੍ਹੇ ਹੋ ਗਏ। ਹਨੇਰੇ ਕਾਰਨ ਚਿਹਰਿਆਂ ਤੋਂ ਡਰ ਤਾਂ ਦਿਖਾਈ ਨਹੀਂ ਸੀ ਦੇ ਰਿਹਾ ਪਰ ਫੇਫੜਿਆਂ ਵਿੱਚ ਭਰੀ ਹਵਾ ਅੰਦਰ-ਬਾਹਰ ਜਾਣ ਦੀ ਆਵਾਜ਼ ਸਾਫ ਸੁਣਾਈ ਦੇ ਰਹੀ ਸੀ। ਸਪਸ਼ਟ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਘੁਸਪੈਠੀਏ ਸਾਡੀ ਛੱਤ 'ਤੇ ਪੁੱਜ ਚੁੱਕੇ ਹਨ ਅਤੇ ਵੇਲਚੇ ਨਾਲ ਕੱਚੀ ਛੱਤ ਪੁੱਟ ਕੇ ਅੰਦਰ ਬੰਬ ਸੁੱਟ ਦੇਣਗੇ ਤੇ ਅੱਖ ਦੇ ਫੋਰ 'ਚ ਹੀ ਸਭ ਖਤਮ ਹੋ ਜਾਵੇਗਾ। ਬੀਬੀ ਇੱਕ ਪਾਸੇ ਸਾਨੂੰ ਹੌਸਲਾ ਦੇ ਰਹੀ ਸੀ ਤੇ ਦੂਜੇ ਪਾਸੇ ਸਤਨਾਮ ਵਾਹਿਗੁਰੂ ਦਾ ਜਾਪ ਕਰੀ ਜਾ ਰਹੀ ਸੀ। ਉੱਪਰ ਫੇਰ ਸਰਸਰਾਹਟ ਹੋਈ। ਇਸ ਵਾਰ ਕਾਨਿਆਂ ਦੇ ਟੁੱਟਣ ਦੀ ਆਵਾਜ਼ ਲਗ ਰਹੀ ਸੀ। ਸ਼ਾਇਦ ਕਮਰੇ ਦੇ ਮੁਹਰੇ ਪਾਏ ਛੱਪਰ ਨੂੰ ਤੋੜਨ ਦੀ ਕੋਸ਼ਿਸ਼ ਹੋ ਰਹੀ ਸੀ। ਕੀ ਕੀਤਾ ਜਾਵੇ, ਬਾਰੇ ਸੋਚ ਹੀ ਰਹੇ ਸਾਂ ਕਿ ਕੁੱਤੇ ਦੇ ਭੌਂਕਣ ਨੇ ਸਭ ਸਪਸ਼ਟ ਕਰ ਦਿੱਤਾ। ਛੱਤ 'ਤੇ ਘੁਸਪੈਠੀਏ ਨਹੀਂ, ਸਗੋਂ ਕੁੱਤਾ ਆਪਣੇ ਪਹੁੰਚਿਆਂ ਨਾਲ ਮਿੱਟੀ ਖੁਰਚ ਰਿਹਾ ਸੀ, ਸ਼ਾਇਦ ਉਹ ਛੱਪਰ ਵਿਚਲੇ ਆਲ੍ਹਣੇ 'ਚ ਬੈਠੀ ਚਿੜੀ ਦਾ ਸ਼ਿਕਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਤਣਾਅ ਤੇ ਡਰ ਹੁਣ ਘਟ ਚੁੱਕਾ ਸੀ। ਅਸੀਂ ਸਵੇਰ ਦੀ

ਉਡੀਕ ਕਰਨ ਲੱਗੇ।

ਸਵੇਰੇ ਹੁੰਦੇ ਹੀ ਪਿੰਡ ਦੇ ਲੋਕੀਂ ਗੁਰਦੁਆਰਾ ਸਾਹਿਬ ਅੱਗੇ ਇਕੱਤਰ ਹੋਣ ਲਗ ਪਏ। ਹਰ ਕੋਈ ਰਾਤ ਦੇ ਤਜਰਬੇ ਵਧਾ-ਚੜ੍ਹਾਅ ਕੇ ਦੱਸ ਰਿਹਾ ਸੀ। ਦਿਨ ਚੜ੍ਹਦੇ ਹੀ ਬਹੁਤੇ ਲੋਕੀਂ ਬਹਾਦਰ ਬਣ ਚੁੱਕੇ ਸਨ। ਜਿਹੜੇ ਰਾਤੀਂ ਦੋ-ਦੋ ਜੰਦਰੇ ਲਾ ਕੇ ਸੁੱਤੇ ਹੋਣਗੇ, ਉਹ ਵੀ ਸਾਰੀ ਰਾਤ ਵਿਹੜੇ ਵਿੱਚ ਘੁੰਮਦੇ ਰਹਿਣ ਦੇ ਦਾਅਵੇ ਕਰ ਰਹੇ ਸਨ। ਚਾਨਣ, ਡਰ ਨੂੰ ਕਾਫੂਰ ਕਰ ਰਿਹਾ ਸੀ। ਸੇਵਾਮੁਕਤ ਮਾਸਟਰ ਜੀ ਨੇ ਇਕੱਠ ਨੂੰ ਅਸਲ ਮੁੱਦੇ ਵੱਲ ਮੋੜਦਿਆਂ ਕਹਿਣਾ ਸ਼ੁਰੂ ਕੀਤਾ, "ਦੁਸ਼ਮਣ ਦੇ ਛਾਪਾਮਾਰ ਫ਼ੌਜੀਆਂ ਬਾਰੇ ਫਿਲਹਾਲ ਕੁੱਝ ਵੀ ਥਹੁ-ਪਤਾ ਨਹੀਂ ਲੱਗਿਆ, ਖੇਤਾਂ ਵਿੱਚ ਕੱਖ-ਕੰਡਾ ਲੈਣ ਜਾਂਦਿਆਂ ਵੀ ਸਾਨੂੰ ਚੇਤਨ ਰਹਿਣ ਦੀ ਜ਼ਰੂਰਤ ਹੈ। ਹਰ ਓਪਰੇ ਬੰਦੇ 'ਤੇ ਤਿੱਖੀ ਨਜ਼ਰ ਰੱਖੀ ਜਾਵੇ। ਇਸ ਦੇ ਨਾਲ-ਨਾਲ ਸਰਪੰਚ ਸਾਹਿਬ ਰਾਤ ਦੀ ਚਮਕਦਾਰ ਗੋਲੇ ਡਿਗਣ ਵਾਲੀ ਘਟਨਾ ਦੀ ਜਾਣਕਾਰੀ ਥਾਣੇ ਦੇ ਕੇ ਆਉਣ"।

ਸਕੀਮਾਂ ਘੜੀਆਂ ਜਾ ਹੀ ਰਹੀਆਂ ਸਨ ਕਿ ਰੋਪੜ ਤੋਂ ਆਏ ਪ੍ਰਾਇਮਰੀ ਸਕੂਲ ਦੇ ਮੁੱਖ ਅਧਿਆਪਕ ਨੇ ਸਾਰੀ ਸਥਿਤੀ ਸਾਫ਼ ਕਰਦਿਆਂ ਦੱਸਿਆ ਕਿ ਰਾਤੀਂ ਭਾਰਤੀ ਏਅਰਫੋਰਸ ਦੇ ਜਵਾਨ ਹਵਾਈ ਅੱਡੇ 'ਤੇ ਰੌਸ਼ਨੀ ਕਰਨ ਵਾਲੇ ਗੋਲ਼ੇ ਸੁੱਟਣ ਦੀਆਂ ਮਸ਼ਕਾਂ ਕਰਦੇ ਰਹੇ ਸਨ ਜਿਸ ਨਾਲ ਨੇੜਲੇ ਪਿੰਡਾਂ ਵਿੱਚ ਡਰ ਨਾਲ ਹਾਹਾਕਾਰ ਮਚੀ ਰਹੀ। "ਓਹ! ਤਾਂ ਇਹ ਗੱਲ ਸੀ", ਇਕੱਠ 'ਚੋਂ ਆਵਾਜ਼ ਆਈ ਤੇ ਸਾਰੇ ਘਰਾਂ ਨੂੰ ਪਰਤ ਗਏ। (ਲੇਖਕ ਦੀ ਪੁਸਤਕ 'ਮੋੜਵਾਂ ਤੋਹਫ਼ਾ' ਵਿੱਚੋਂ)

* ਲੇਖਕ ਅਖ਼ਬਾਰ "ਪੰਜਾਬੀ ਟ੍ਰਿਬਿਊਨ" ਤੋਂ ਚੀਫ਼ ਸਬ ਐਡੀਟਰ ਵਜੋਂ ਸੇਵਾਮੁਕਤ ਹਨ।

❊ ❊ ❊ ❊ ❊

ਪ੍ਰਿੰਸੀਪਲ ਦਰਸ਼ਨਜੀਤ ਸਿੰਘ ਸੈਣੀ ਦੀ ਯੋਗ ਸਰਪ੍ਰਸਤੀ ਹੇਠ ਚੰਡੀਗੜ੍ਹ ਦੇ ਸੈਕਟਰ-33 ਵਿੱਚ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸੀਬੀਐਸਈ ਦੀ ਬਾਰ੍ਹਵੀਂ ਜਮਾਤ ਦੇ 2023 ਦੇ ਸਾਲਾਨਾ ਨਤੀਜਿਆਂ ਵਿੱਚ ਮਾਅਰਕੇ ਮਾਰ ਕੇ ਯੂ.ਟੀ ਦੇ ਸਾਰੇ ਸਕੂਲਾਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਸਕੂਲ ਦੀ ਪਾਸ ਪ੍ਰਤਿਸ਼ਤਤਾ 97.63% ਹੈ। ਇਸ ਸਕੂਲ ਦੇ 23 ਵਿਦਿਆਰਥੀਆਂ ਨੇ 90 ਫੀਸਦੀ ਅਤੇ 4 ਨੇ 95% ਤੋਂ ਵੱਧ ਅੰਕ ਹਾਸਲ ਕੀਤੇ ਹਨ। ਦੱਸਣਯੋਗ ਹੈ ਕਿ ਸ. ਦਰਸ਼ਨਜੀਤ ਸਿੰਘ ਰੂਪਨਗਰ ਜ਼ਿਲ੍ਹੇ ਦੇ ਪਿੰਡ ਖੇੜੀ ਸਲਾਬਤਪੁਰ ਦੇ ਇੱਕ ਸਮਾਜਸੇਵੀ ਪਰਿਵਾਰ ਨਾਲ ਸਬੰਧ ਰਖਦੇ ਹਨ ਅਤੇ ਸੈਣੀ ਭਵਨ ਰੂਪਨਗਰ ਵਿੱਚ ਕਈ ਵਾਰ ਸਨਮਾਨਿਤ ਕੀਤੇ ਜਾ ਚੁੱਕੇ ਹਨ

ਗ਼ਜ਼ਲ

ਗੁਰਦੀਪ ਸਿੰਘ ਸੈਣੀ,
ਬੰਗਾ , ਜ਼ਿਲ੍ਹਾ-ਐਸ.ਬੀ.ਐਸ

ਮਿਲ਼ ਕੇ ਮਿਲਣੋ ਟਲ਼ਦੀਆਂ ਤੇ ਡਰਦੀਆਂ ਰਹੀਆਂ।
ਗੁਫ਼ਤਗੂ ਐਦਾਂ ਵੀ ਅੱਖੀਆਂ ਕਰਦੀਆਂ ਰਹੀਆਂ।

ਤੇਰੀਆਂ ਬੇਬਾਕੀਆਂ ਵਿੱਚ ਉਲਝ ਕੇ ਸੱਜਣਾ
ਦਿਲ ਦੇ ਪੱਲੇ ਬੱਸ ਅਵਾਰਾਗਰਦੀਆਂ ਰਹੀਆਂ।

ਮਰ ਗਈਆਂ ਸਾਡੀਆਂ ਖੁਸ਼ੀਆਂ ਖੁਸ਼ੀ ਦੇ ਵਿੱਚ
ਦਮ ਤੇਰੇ ਗ਼ਮ ਦਾ ਇਹ ਹੱਸ ਕੇ ਭਰਦੀਆਂ ਰਹੀਆਂ।

ਹੋਰ ਕੀ ਰੰਗੀਨ ਮਿਲਣੀ ਇਸ ਤੋਂ ਵੱਧ ਹੁੰਦੀ
ਲਾਲੀਆਂ ਓਧਰ ਤੇ ਐਧਰ ਜ਼ਰਦੀਆਂ ਰਹੀਆਂ।

ਲੱਭ ਕੇ ਜ਼ਿੰਮੇਵਾਰੀਆਂ ਪੱਥਰ ਲਾਚਾਰੀ ਦੇ
ਮੇਰੀਆਂ ਸੱਧਰਾਂ ਦੇ ਉੱਤੇ ਧਰਦੀਆਂ ਰਹੀਆਂ।

ਰੱਬ ਹੀ ਬਾਲੀ ਹੈ ਫਿਰ ਤੇਰੀ ਇਬਾਦਤ ਦਾ
ਜੇ ਗੁਰੂ ਘਰ ਵਿੱਚ ਵੀ ਫਿਕਰਾਂ ਘਰ ਦੀਆਂ ਰਹੀਆਂ।

ਸਰ ਇਲਾਕੇ ਹੀ ਜਿਨ੍ਹਾਂ ਕੀਤੇ, ਨਾ ਜਿੱਤੇ ਦਿਲ
ਜਿੱਤ ਕੇ ਵੀ ਫੌਜਾਂ ਉਹ ਆਖ਼ਰ ਹਾਰਦੀਆਂ ਰਹੀਆਂ।

❊ ❊ ❊ ❊ ❊

ਰੂਪਨਗਰ ਸ਼ਹਿਰ ਵਿੱਚ ਹਵੇਲੀ ਕਲਾਂ ਦੇ ਹਰਵਿੰਦਰ ਸਿੰਘ ਸੈਣੀ (ਵਿੱਕੀ) ਕੋਚ ਦੀ ਅਗਵਾਈ ਅਧੀਨ ਭਾਰਤੀ ਜੂਨੀਅਰ ਵੋਮੈਨ ਹਾਕੀ ਟੀਮ ਨੇ ਜਾਪਾਨ ਦੇ ਸ਼ਹਿਰ ਕਾਕਾਮਿਗਾਹਾ ਵਿਖੇ ਖੇਡੇ ਗਏ ਮਹਿਲਾ ਜੂਨੀਅਰ ਏਸ਼ੀਆ ਹਾਕੀ ਕੱਪ ਦੇ ਫਾਈਨਲ ਮੈਚ ਵਿੱਚ ਚਾਰ ਵਾਰ ਦੀ ਜੇਤੂ ਦੱਖਣੀ ਕੋਰੀਆ ਦੀ ਟੀਮ ਨੂੰ ਹਰਾ ਨੇ ਇਤਿਹਾਸ ਸਿਰਜਿਆ ਹੈ। ਇਹ ਪ੍ਰਾਪਤੀ ਸ. ਹਰਵਿੰਦਰ ਸਿੰਘ ਸੈਣੀ ਦੀ ਅਣਥੱਕ ਮਿਹਨਤ ਸਦਕਾ ਸੰਭਵ ਹੋਈ ਹੈ। ਇਸ ਨਾਲ ਭਾਰਤੀਆਂ ਅਤੇ ਸੈਣੀ ਬਰਾਦਰੀ ਦਾ ਨਾਮ ਦੁਨੀਆਂ ਵਿੱਚ ਉੱਚਾ ਹੋਇਆ ਹੈ। ਜ਼ਿਕਰਯੋਗ ਹੈ ਕਿ ਬਿੱਕੀ ਨੂੰ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ 8 ਅਪ੍ਰੈਲ, 2023 ਨੂੰ ਸਾਲਾਨਾ ਸੈਣੀ ਸੰਮੇਲਨ ਸਮੇਂ ਸਨਮਾਨਿਤ ਕੀਤਾ ਸੀ।

Thanks

Compiled by
Amarjit Singh
Saini Bhawan, Rupnagar

Donors of Saini Bhawan

During the months April- June, 2023 following persons have given Financial Assistance (Rs.1000 or more) to Saini Bhawan. The administrators of this organisation are thankful to these donors.

A) To Kaka Ram Saini Charitable Trust for the development of Saini Bhawan-

1. **Sh. Munish Tiwari.** Honourable M.P. Anandpur Sahib= Rs. 500000/ Out of MPLAD Funds
2. **Egr. Bhagwan Singh**, Rtd. Regional Environment Officer, Haryana, # 244 Sec.2 Panchkula= Rs 51000/
3. **Sh. Tarsem Saini**, President All India Rice Shellers Association, # Ghuman Nagar, Sirhind Road, Patiala = Rs 50000/
4. **S. Tarlochan Singh** # 3520, FIORINA St. LASALLE N9H0M9 ONTARIO, CANADA = Rs 30000/
5. **Major Jugwinder Kaur**, Garden Colony, Kharar, Dist. Mohali Rs. 20000
6. **Er. Tejpal Singh**, Rtd. Chief Engineer, # G.Z.Singh Nagar Rupnagar= Rs.5100/
7. **Smt. Chander Kanta,** PES (Retd.) ,Opp. Lehari Shah Mandir, Ropar Rs. 5000/-
8. **S. Surinder Singh**Rtd. Dev.Officer(LIC), # Canal View Rupnagar= Rs.3600/
9. **Sh. Shiv Kumar Saini**, # Sun Enclave Tower, Rupnagar= Rs. 2500/
10. **Sh. Harish Kumar Saini** # 5355 Jujhar Singh Nagar Rupnagar= Rs.2100/
11. **Dr. Sowaran Singh** Rtd.Prof.(PAU) # 308 Professor colony Ludhiana= Rs.2100/
12. **S. Parvinder Singh** # 2911, Piara Singh colony, Rupnagar= Rs.2100/
13. **S. Gurcharan Singh** # V. Katli Distt. Rupnagar= Rs.2100/
14. **S. Jaswinder Kaur Saini**, M.C. Gurbax Colony Rupnagar= Rs. 1100/
15. **S. Udham Singh,** # Nanakpura, Distt. Rupnagar= Rs 1100/
16. **S. Amarjit Singh** Lt. (Rtd), # Vill. Panjour Distt. Hoshiarpur= Rs.1100/
17. **Smt. Kulwinder Kaur** X-President InnerWheel Club # Gobind Valley Rupnagar= Rs.1100/
18. **S. Kuldip Singh** Rtd. Headmaster, # Kiratpur Sahib = Rs. 1100/
19. **S. Ranbir Singh** # 148 Sun Enclave Rupnagar= Rs.1000/
20. **S. Harminder Singh** # 146 Dasmesh Nagar Ropar= Rs 1000/
21. **S. Balbir Singh Saini** # 103 Sharma Store Area Nangal Township= Rs.1000/
22. **S. Amrik Singh** # VPO Kotla Nihang Distt. Rupnagar= Rs 1000/

B.) To Saini Charitable Education Trust For Scholarships

1. S Baldev Singh Mundra, Mumbai =Rs. 100000/

2. S Gurmukh Singh Saini X-MC Shahid Bhagat Singh Nagar Rupnagar= Rs.50000/

3. Smt. Perminder Kaur Pandhol # 374 G.Z.S. Nagar Rupnagar= Rs. 12000/

4. S. Sukhpal Singh S/O S. Inderjit Singh V. Khanpur Distt. Rupnagar= Rs. 10000/

5. Smt. Chander Kanta, PES (Retd.) ,Opp. Lehari Shah Mandir, Ropar Rs. 10000/-

ਸਾਡਾ ਗੌਰਵਮਈ ਇਤਿਹਾਸ

ਦਿੱਲੀ ਜਿੱਤਣ ਵਾਲਾ ਜਥੇਦਾਰ ਬਘੇਲ ਸਿੰਘ

ਮਨਜੀਤ ਸਿੰਘ ਤੰਬੜ
ਪਿੰਡ ਪੰਜੌੜ (ਹੁਸ਼ਿਆਰਪੁਰ)

ਜਥੇਦਾਰ ਬਘੇਲ ਸਿੰਘ ਅਠਾਰ੍ਹਵੀਂ ਸਦੀ ਦੇ ਉਨ੍ਹਾਂ ਮਹਾਨ ਸਿੱਖ ਯੋਧਿਆਂ ਵਿੱਚੋਂ ਪ੍ਰਮੁਖ ਹੈ ਜਿਨ੍ਹਾਂ ਨੇ ਨਾ ਸਿਰਫ਼ ਪੰਜਾਬ ਵਿੱਚ ਖਾਲਸਾ ਰਾਜ ਸਥਾਪਤ ਕਰਨ ਲਈ ਜ਼ਮੀਨ ਹੀ ਤਿਆਰ ਕੀਤੀ ਸਗੋਂ ਸੰਨ 1783 ਈਸਵੀ ਵਿੱਚ ਦਿੱਲੀ ਨੂੰ ਜਿੱਤ ਕੇ ਇੱਥੋਂ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਕਾਇਮ ਕੀਤਾ। ਇਨ੍ਹਾਂ ਨਿਵੇਕਲੇ ਕਾਰਜਾਂ ਲਈ ਕੌਮ ਹਮੇਸ਼ਾਂ ਉਨ੍ਹਾਂ ਦੀ ਕਰਜ਼ਦਾਰ ਰਹੇਗੀ।

ਸਰਦਾਰ ਬਘੇਲ ਸਿੰਘ ਦਾ ਜਨਮ 1725 ਦੇ ਲਗਭਗ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ (ਕਈ ਇਤਿਹਾਕਾਰਾਂ ਅਨੁਸਾਰ ਅੰਮ੍ਰਿਤਸਰ ਦੇ ਪਿੰਡ ਝਬਾਲ) ਵਿਖੇ ਹੋਇਆ। ਉਹ ਛੋਟੀ ਉਮਰੇ ਹੀ ਦਲ ਖਾਲਸਾ ਵਿੱਚ ਰਲ ਗਿਆ। ਉਸ ਨੇ 1764 ਵਿੱਚ ਸ.ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਿੱਖ ਸਰਦਾਰਾਂ ਨਾਲ ਮਿਲ ਕੇ ਸਹਾਰਨਪੁਰ 'ਤੇ ਹਮਲਾ ਬੋਲ ਦਿੱਤਾ ਜਿਸ ਇਲਾਕੇ ਦੇ ਸਰਦਾਰ ਨਜੀਬਉਦੁਲਾ ਨੇ ਭਾਰਤ 'ਤੇ ਹਮਲੇ ਸਮੇਂ ਅਹਿਮਦਸ਼ਾਹ ਅਬਦਾਲੀ ਦੀ ਮਦਦ ਕੀਤੀ ਸੀ। ਇਸ ਤੋਂ ਬਾਅਦ ਸਿੱਖਾਂ ਨੇ ਸ਼ਾਮਲੀ, ਮੁਜ਼ੱਫਰਨਗਰ, ਨਜੀਮਾਬਾਦ, ਮੁਰਾਦਾਬਾਦ, ਨਗੀਨਾ ਅਤੇ ਗੜ੍ਹ ਮੁਕਤੇਸ਼ਵਰ ਨਗਰਾਂ ਨੂੰ ਜਿੱਤ ਕੇ ਅਵਧ ਅਤੇ ਦਿੱਲੀ ਲਈ ਖ਼ਤਰਾ ਪੈਦਾ ਕਰ ਦਿੱਤਾ। ਇਸ ਜਿੱਤ ਕਾਰਨ ਨਜ਼ੀਬਉਦੁਲਾ ਨੇ ਸਿੱਖਾਂ ਨੂੰ 11 ਲੱਖ ਰੁਪਏ ਨਜ਼ਰਾਨਾ ਦੇ ਕੇ ਅਧੀਨਗੀ ਮੰਨ ਲਈ।

ਬਘੇਲ ਸਿੰਘ ਆਪਣੀ ਰਾਜਸੀ ਸੂਝਬੂਝ ਤੇ ਸਾਹਸ ਸਦਕਾ 1765 ਈ. ਵਿੱਚ ਕਰੋੜਸਿੰਘੀਆ ਮਿਸਲ ਦਾ ਮੁਖੀ ਬਣ ਗਿਆ ਜਦੋਂ ਇਸ ਮਿਸਲ ਦਾ ਜਥੇਦਾਰ ਕਰੋੜਾ ਸਿੰਘ ਅਹਿਮਦ ਸ਼ਾਹ ਅਬਦਾਲੀ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਇਸ ਮਿਸਲ ਦੀ ਕਮਾਨ ਸੰਭਾਲਦਿਆਂ ਹੀ ਬਘੇਲ ਸਿੰਘ ਨੇ ਜਲੰਧਰ ਦੁਆਬਾ, ਅੰਬਾਲਾ ਅਤੇ ਹਰਿਆਣਾ ਦੇ ਉੱਤਰ-ਪੱਛਮੀ ਇਲਾਕਿਆਂ ਉੱਪਰ ਆਪਣਾ ਅਧਿਕਾਰ ਕਾਇਮ ਕਰਨ ਮਗਰੋਂ ਕਰਨਾਲ ਤੋਂ 20 ਮੀਲ ਅਤੇ ਲਾਡਵਾ ਕਸਬੇ ਤੋਂ 3 ਮੀਲ ਉੱਤਰ ਵੱਲ ਛਲੌਂਦੀ ਨੂੰ ਆਪਣਾ ਮੁੱਖ ਟਿਕਾਣਾ ਬਣਾ ਲਿਆ। ਉਸ ਨੇ ਆਪਣੀ ਬਹਾਦਰੀ ਸਦਕਾ ਯਮੁਨਾ-ਗੰਗਾ ਵਿਚਕਾਰ ਉੱਤਰ ਪ੍ਰਦੇਸ਼ ਦੇ ਕਈ ਨਗਰਾਂ 'ਤੇ ਕਬਜ਼ਾ ਕਰ ਕੇ ਆਪਣੀ ਮਿਸਲ ਦੀ ਅਜਿਹੀ ਧਾਂਕ ਜਮਾ ਲਈ ਕਿ ਅਬਦਾਲੀ ਦੇ ਫ਼ੌਜਦਾਰ, ਮੁਗਲ, ਰੁਹੇਲੇ, ਮਰਾਠੇ ਅਤੇ ਅੰਗ੍ਰੇਜ਼ ਵੀ ਉਸ ਨਾਲ ਮਿੱਤਰਤਾ ਕਾਇਮ ਕਰਨ ਲਈ ਤਤਪਰ ਰਹਿਣ ਲੱਗੇ।

ਸਰਦਾਰ ਬਘੇਲ ਸਿੰਘ ਦੇ ਸਿੱਖ ਮਿਸਲਦਾਰਾਂ ਨਾਲ ਚੰਗੇ ਸਬੰਧ ਸਨ ਜਿਸ ਕਾਰਨ ਉਸ ਦੀਆਂ ਕਈ ਫ਼ੌਜੀ ਮੁਹਿੰਮਾਂ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਸਿੱਖ ਸਰਦਾਰ ਉਸ ਦੇ ਨਾਲ ਸਨ। ਉਨ੍ਹਾਂ ਇਕੱਠਿਆਂ ਨੇ ਅਹਿਮਦ ਸ਼ਾਹ ਅਬਦਾਲੀ ਤੋਂ ਹਜ਼ਾਰਾਂ ਹਿੰਦੋਸਤਾਨੀ ਔਰਤਾਂ ਨੂੰ ਛੁੜਵਾ ਕੇ ਉਨ੍ਹਾਂ ਦੇ ਘਰ ਪਹੁੰਚਾਇਆ। ਸੰਨ 1773 ਵਿੱਚ ਉਸ ਨੇ ਯਮੁਨਾ ਪਾਰ ਦੇ ਇਲਾਕੇ 'ਤੇ ਹਮਲਾ ਕਰਕੇ ਪਹਿਲਾਂ ਇਸ ਦੇ ਜ਼ਾਲਮ ਹਾਕਮ ਮੀਰ ਹਸਨ ਨੂੰ ਮਾਰਿਆ ਅਤੇ ਫਿਰ ਫ਼ਰੁਖਾਬਾਦ ਦੇ ਨਵਾਬ ਈਸਾ ਖਾਂ ਨੂੰ ਹਰਾ ਕੇ ਅਨੂਪ ਸ਼ਹਿਰ, ਬੁਲੰਦ ਸ਼ਹਿਰ ਅਤੇ ਬਿਜਨੌਰ ਆਦਿ ਦੇ ਹਾਕਮਾਂ ਨੂੰ ਸੋਧ ਕੇ ਨਜ਼ਰਾਨਾ ਵਸੂਲ ਕੀਤਾ। 1776 ਵਿੱਚ ਬਘੇਲ ਸਿੰਘ ਦੀ ਕਮਾਨ ਹੇਠ ਸਿੱਖਾਂ ਨੇ ਰੁਹੇਲਿਆਂ ਦੀ ਫ਼ੌਜ ਨਾਲ ਦਿੱਲੀ ਵੱਲ ਚਾਲੇ ਪਾ ਲਏ। ਉਨ੍ਹਾਂ ਦਾ ਮੁਜ਼ੱਫਰਨਗਰ ਦੇ ਸਥਾਨ 'ਤੇ ਸ਼ਾਹੀ ਮੁਗਲ ਫ਼ੌਜਾਂ ਨਾਲ ਮੁਕਾਬਲਾ ਹੋਇਆ ਜਿਸ ਵਿੱਚ ਸ਼ਾਹੀ ਫ਼ੌਜ ਬੁਰੀ ਤਰ੍ਹਾਂ ਹਾਰ ਕੇ ਦਿੱਲੀ ਵੱਲ ਭੱਜ ਗਈ।

ਸਰਦਾਰ ਬਘੇਲ ਸਿੰਘ ਰਾਜਸੀ ਪੈਂਤੜਿਆਂ ਦਾ ਮਾਹਰ ਸੀ। ਜਦ ਕਦੀ ਵੀ ਦਿੱਲੀ ਦੇ ਮੁਗਲ ਸ਼ਾਸਕਾਂ ਵਲੋਂ ਸਿੱਖ ਰਿਆਸਤਾਂ 'ਤੇ ਕੋਈ ਹਮਲਾ ਹੋਣ ਲਗਦਾ ਤਾਂ ਉਹ ਹਮਲਾਵਰਾਂ ਨਾਲ ਮਿਲ ਜਾਂਦਾ ਪਰ ਜਿਉਂ ਹੀ ਦੁਸ਼ਮਣ ਦੀ ਸੈਨਾ ਪੰਜਾਬ ਪੁਜਦੀ ਤੇ ਚਾਰੇ ਪਾਸਿਓਂ ਸਿੱਖਾਂ ਵਿੱਚ ਘਿਰ ਜਾਂਦੀ ਤਾਂ ਸਰਦਾਰ ਬਘੇਲ ਸਿੰਘ ਪਾਸਾ ਪਲਟ ਕੇ ਖ਼ਾਲਸੇ ਨੂੰ ਹਰਜਾਨੇ ਦੁਆ ਕੇ ਫ਼ੌਜ ਨੂੰ ਵਾਪਸ ਜਾਣ ਲਈ ਮਜ਼ਬੂਰ ਕਰ ਦਿੰਦਾ। 1779 ਵਿੱਚ ਜਦੋਂ ਦਿੱਲੀ ਸਰਕਾਰ ਦੀਆਂ ਫ਼ੌਜਾਂ ਨੇ ਪਟਿਆਲੇ 'ਤੇ ਹਮਲਾ ਬੋਲਿਆ ਤਾਂ ਪਹਿਲਾਂ ਸਰਦਾਰ ਬਘੇਲ ਸਿੰਘ ਨੇ ਉਨ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਪਰ ਐਨ ਮੌਕੇ 'ਤੇ ਪਟਿਆਲਾ ਦੇ ਮਹਾਰਾਜਾ ਅਮਰ ਸਿੰਘ ਦੁਆਰਾ ਬਘੇਲ ਸਿੰਘ ਤੋਂ ਮੁਆਫ਼ੀ ਮੰਗੇ ਜਾਣ 'ਤੇ ਉਹ ਪਲਟ ਗਿਆ। ਇਸ ਨਾਲ ਮੁਗਲ ਸੈਨਾਪਤੀ ਅਬਦੁਲ ਅਹਿਦ ਖਾਂ ਨੇ ਡਰ ਕੇ ਦਿੱਲੀ ਵਾਪਸ ਜਾਣ ਦਾ ਫੈਸਲਾ ਕਰ ਲਿਆ। ਜਦੋਂ ਅਬਦੁਲ ਅਹਿਦ ਖਾਂ ਨੇ ਆਪਣੀ ਫੌਜ ਨੂੰ ਸਿੱਖਾਂ ਵਲੋਂ ਕੋਈ ਨੁਕਸਾਨ ਨਾ ਪਹੁੰਚਾਏ ਜਾਣ ਦੀ ਬੇਨਤੀ ਕੀਤੀ ਤਾਂ ਸਰਦਾਰ ਬਘੇਲ ਸਿੰਘ ਨੇ ਉਸ ਨੂੰ 7 ਲੱਖ ਰੁਪਏ ਨਜ਼ਰਾਨਾ ਦੇਣ ਲਈ ਮਜ਼ਬੂਰ ਕਰ ਦਿੱਤਾ।



ਇਸ ਸਮੇਂ ਮੁਗਲ ਹਕੂਮਤ ਕਮਜ਼ੋਰ ਹੋ ਗਈ ਸੀ। ਸਰਦਾਰ ਬਘੇਲ ਸਿੰਘ ਇਹੋ ਜਿਹੇ ਹਾਲਾਤ ਦਾ ਫ਼ਾਇਦਾ ਉਠਾਉਣਾ ਚਾਹੁੰਦਾ ਸੀ। ਇਸ ਲਈ 1765 ਤੋਂ 1787 ਦੇ ਦਰਮਿਆਨ ਸਿੱਖਾਂ ਨੇ ਦਿੱਲੀ 'ਤੇ 15 ਹਮਲੇ ਕੀਤੇ ਜਿਨ੍ਹਾਂ ਵਿੱਚੋਂ ਬਹੁਤੇ ਸਰਦਾਰ ਬਘੇਲ ਸਿੰਘ ਨੇ ਕੀਤੇ। ਉਸ ਨੇ ਦਿੱਲੀ 'ਤੇ ਪਹਿਲਾ ਹਮਲਾ 18 ਜਨਵਰੀ, 1774 ਵਿੱਚ ਕੀਤਾ ਪਰ ਗੌਸਗੜ੍ਹ ਦੇ ਨਵਾਬ ਤੋਂ 50000 ਰੁਪਏ ਸਾਲਾਨਾ ਵਸੂਲ ਕੇ ਬਘੇਲ ਸਿੰਘ ਦੀਆਂ ਫ਼ੌਜਾਂ ਸ਼ਾਹਦਰਾ ਤੋਂ ਵਾਪਸ ਮੁੜ ਆਈਆਂ। ਬਘੇਲ ਸਿੰਘ ਨੇ ਦਿੱਲੀ 'ਤੇ ਦੂਜਾ ਹਮਲਾ 15 ਜੁਲਾਈ, 1775 ਨੂੰ ਕੀਤਾ ਅਤੇ ਸ਼ਾਹੀ ਫ਼ੌਜੀ ਟੁਕੜੀ ਨੂੰ ਹਰਾ ਕੇ ਖ਼ਾਲਸਾ ਫ਼ੌਜਾਂ ਪਹਾੜ ਗੰਜ ਤੱਕ ਪਹੁੰਚ ਗਈਆਂ। ਪਰ ਮੁਗਲ ਸ਼ਕਤੀ ਦਾ ਜਾਇਜ਼ਾ ਲੈ ਕੇ ਉਹ ਵਾਪਸ ਪਰਤ ਆਇਆ। 1776 ਵਿੱਚ ਸਰਦਾਰ ਬਘੇਲ ਸਿੰਘ ਨੇ ਅਲੀਗੜ੍ਹ ਅਤੇ ਕਾਸਗੰਜ 'ਤੇ ਹਮਲਾ ਕਰ ਕੇ ਉੱਥੋਂ ਦੇ ਮੁਗਲ ਸ਼ਾਸਕਾਂ ਕੋਲੋਂ ਭਾਰੀ ਰਕਮ ਵਸੂਲ ਕੀਤੀ। ਗੰਗਾ ਦੁਆਬ ਇਲਾਕੇ ਵਿੱਚ ਕੁੱਝ ਮਹੀਨੇ ਵਿਚਰ ਕੇ ਉਹ ਪੰਜਾਬ ਮੁੜ ਆਇਆ। 1781 ਈ. ਵਿੱਚ ਬਘੇਲ ਸਿੰਘ ਨੇ ਦਿੱਲੀ ਤੋਂ 32 ਕਿਲੋਮੀਟਰ ਉਰ੍ਹਾਂ ਬਾਘਪਤ 'ਤੇ ਹਮਲਾ ਕੀਤਾ ਅਤੇ ਅੱਗੇ ਦਿੱਲੀ ਦੇ ਸ਼ਾਹਦਰਾ ਤੇ ਪੜਪੜ ਗੰਜ ਤੱਕ ਪੁੱਜ ਗਿਆ। ਮੁਗਲ ਬਾਦਸ਼ਾਹ ਸ਼ਾਹ ਆਲਮ ਨੇ ਸਿੱਖਾਂ ਦੇ ਇਨ੍ਹਾਂ ਹਮਲਿਆਂ ਤੋਂ ਘਬਰਾ ਕੇ ਉਨ੍ਹਾਂ ਦੇ ਗੰਗਾ-ਯਮੁਨਾ ਵਿਚਕਾਰਲੇ ਇਲਾਕਿਆਂ 'ਤੇ ਅਧਿਕਾਰ ਅਤੇ ਇਸ ਦੀ ਕੁੱਲ ਆਮਦਨ ਦਾ ਅੱਠਵਾਂ ਹਿੱਸਾ ਸਿੱਖਾਂ ਨੂੰ ਦੇਣਾ ਮੰਨ ਲਿਆ। ਉੱਧਰ ਅਵਧ ਦਾ ਨਵਾਬ ਅਤੇ ਅੰਗ੍ਰੇਜ਼ ਵੀ ਸਿੱਖਾਂ ਦੀ ਵਧ ਰਹੀ ਤਾਕਤ ਤੋਂ ਚਿੰਤਤ ਸਨ ਅਤੇ ਗੰਗਾ ਪਾਰ ਡਰੇ ਬੈਠੇ ਸਨ।

ਸਰਦਾਰ ਬਘੇਲ ਸਿੰਘ ਨੇ ਫਰਵਰੀ, 1783 ਵਿੱਚ ਅਲੀਗੜ੍ਹ, ਟੁੰਡਲਾ, ਹਾਥਰਸ, ਖੁਰਜਾ, ਸ਼ਿਕੋਹਾਬਾਦ ਅਤੇ ਫ਼ਰੁਖਾਬਾਦ ਆਦਿ ਨਗਰਾਂ 'ਤੇ ਹਮਲਾ ਕਰਕੇ ਇੱਥੋਂ ਬਹੁਤ ਸਾਰੀ ਦੌਲਤ ਹਾਸਲ ਕੀਤੀ ਜਿਸ ਵਿੱਚੋਂ ਇੱਕ ਲੱਖ ਰੁਪਿਆ ਸ਼੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਭੇਜ ਦਿੱਤਾ ਜਿਸ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਵੱਡੇ ਘੱਲੂਘਾਰੇ ਮੌਕੇ ਨਸ਼ਟ ਕਰ ਦਿੱਤਾ ਸੀ। ਉਹ 8 ਮਾਰਚ, 1783 ਨੂੰ 40000 ਸਿੱਖ ਫ਼ੌਜਾਂ ਨੂੰ ਲੈ ਕੇ ਦਿੱਲੀ ਵਿੱਚ ਦਾਖ਼ਲ ਹੋਇਆ। ਉਸ ਨੇ ਆਪਣੀ ਫ਼ੌਜ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਜਿਸ ਦਾ ਵੱਡੇ ਭਾਗ, 30000 ਸੈਨਿਕ ਨਾਲ ਉਹ ਖੁਦ ਦਿੱਲੀ ਦੀ ਸਬਜ਼ੀ ਮੰਡੀ ਅਤੇ ਕਸ਼ਮੀਰੀ ਗੇਟ ਦੇ ਵਿਚਕਾਰ ਇੱਕ ਸਥਾਨ 'ਤੇ ਰੁਕ ਗਿਆ। ਸੈਨਿਕਾਂ ਦੀ ਇਸ ਗਿਣਤੀ ਕਾਰਨ ਹੀ ਇਸ ਸਥਾਨ ਨੂੰ ਹੁਣ ਵੀ ਤੀਸ ਹਜ਼ਾਰੀ ਕਿਹਾ ਜਾਂਦਾ ਹੈ। ਇਸ ਵਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿਹੇ ਸਿੱਖ ਸਰਦਾਰ ਵੀ ਉਹਦੇ ਨਾਲ ਸਨ। ਖਾਲਸਾ ਫ਼ੌਜਾਂ 11ਮਾਰਚ, 1783 ਨੂੰ ਲਾਲ ਕਿਲੇ ਅੰਦਰ ਦਾਖ਼ਲ ਹੋਈਆਂ ਤਾਂ ਸਾਰੇ ਮੁਗਲ ਦਰਬਾਰੀ ਅਤੇ ਬਾਦਸ਼ਾਹ ਸ਼ਾਹ ਆਲਮ ਦੂਜਾ ਕਿਲ੍ਹੇ ਦੇ ਅੰਦਰਲੇ ਭਾਗ ਵਿੱਚ ਜਾ ਛੁਪੇ। ਕਿਲ੍ਹੇ ਦੇ ਮੁੱਖ ਦੁਆਰ 'ਤੇ ਖਾਲਸੇ ਦਾ ਝੰਡਾ ਲਹਿਰਾ ਕੇ ਅਤੇ ਦੀਵਾਨ-ਏ-ਆਮ ਵਿੱਚ ਪਹੁੰਚ ਕੇ ਸਿੱਖਾਂ ਵੱਲੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ ਘੋਸ਼ਿਤ ਕਰ ਦਿੱਤਾ ਗਿਆ।

ਲਾਲ ਕਿਲ੍ਹੇ 'ਤੇ ਕਬਜ਼ਾ ਹੋ ਜਾਣ 'ਤੇ ਸ਼ਾਹ ਆਲਮ ਨੇ ਆਪਣੇ ਵਕੀਲ ਰਾਮ ਦਿਆਲ ਅਤੇ ਸਰਦਾਨ ਤੋਂ ਵਿਸ਼ੇਸ਼ ਤੌਰ 'ਤੇ ਸੱਦੀ ਗਈ ਬੇਗਮ ਸਮਰੂ ਰਾਹੀਂ ਸਿੱਖ ਸਰਦਾਰਾਂ ਨਾਲ ਇੱਕ ਸਮਝੌਤਾ ਕੀਤਾ ਜਿਸ ਅਨੁਸਾਰ ਲਾਲ ਕਿਲ੍ਹੇ 'ਤੇ ਸ਼ਾਹ ਆਲਮ ਦਾ ਅਧਿਕਾਰ ਰਹਿਣ ਦਿੱਤਾ ਜਾਣਾ ਸੀ ਅਤੇ ਬਾਦਸ਼ਾਹ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚਾਇਆ ਜਾਣਾ। ਇਸ ਦੇ ਬਦਲੇ ਸਿੱਖਾਂ ਨੇ ਸ਼ਾਹ ਆਲਮ ਅੱਗੇ ਚਾਰ ਸ਼ਰਤਾਂ ਰੱਖੀਆਂ- ਇੱਕ, ਦਿੱਲੀ ਦੀਆਂ ਉਹ ਸਾਰੀਆਂ ਥਾਵਾਂ ਖ਼ਾਲਸੇ ਨੂੰ ਸੌਂਪ ਦਿੱਤੀਆਂ ਜਾਣ ਜਿਨ੍ਹਾਂ ਦਾ ਸਬੰਧ ਸਿੱਖ ਗੁਰੂਆਂ ਨਾਲ ਰਿਹਾ ਸੀ, ਦੂਜੀ ਇਨ੍ਹਾਂ ਸੱਤ ਥਾਵਾਂ ਦੀ ਨਿਸ਼ਾਨਦੇਹੀ ਕਰਵਾ ਕੇ ਪੰਥ ਨੂੰ ਯਾਦਗਾਰਾਂ ਕਾਇਮ ਕਰਨ ਦੀ ਆਗਿਆ ਦਿੱਤੀ ਜਾਵੇ, ਤੀਜੀ ਸ਼ਹਿਰ ਦੀ ਕੋਤਵਾਲੀ ਖ਼ਾਲਸੇ ਦੇ ਹਵਾਲੇ ਕੀਤੀ ਜਾਵੇ ਅਤੇ ਗੁਰਦੁਆਰਿਆਂ ਦੇ ਨਿਰਮਾਣ ਤੇ ਖਾਲਸਾ ਫ਼ੌਜ ਦੀਆਂ ਤਨਖਾਹਾਂ ਲਈ ਦਿੱਲੀ ਵਿੱਚ ਮਾਲ ਦੀ ਵਿੱਕਰੀ ਤੋਂ ਇਕੱਠੀ ਹੋਣ ਵਾਲੀ ਚੁੰਗੀ ਦਾ 37.5% ਖਾਲਸੇ ਨੂੰ ਦਿੱਤਾ ਜਾਵੇ, ਚੌਥੀ ਗੁਰਦੁਆਰਿਆਂ ਦੀ ਉਸਾਰੀ ਮੁਕੰਮਲ ਹੋਣ ਤੱਕ 4000 ਸਿੱਖ ਸੈਨਿਕ ਦਿੱਲੀ ਵਿੱਚ ਰਹਿਣਗੇ ਜਿਨ੍ਹਾਂ ਦਾ ਖ਼ਰਚਾ ਸ਼ਾਹੇ ਖ਼ਜ਼ਾਨੇ ਵਿੱਚੋਂ ਕੀਤਾ ਜਾਵੇਗਾ। ਇਹ ਸ਼ਰਤਾਂ ਮੰਨ ਲਏ ਜਾਣ 'ਤੇ ਖ਼ਾਲਸਾ ਫ਼ੌਜਾਂ ਕਿਲ੍ਹੇ 'ਚੋਂ ਬਾਹਰ ਆ ਗਈਆਂ ਅਤੇ ਲਖਪਤ ਰਾਏ ਨੂੰ ਮੁਗਲ ਦਰਬਾਰ ਵਿੱਚ ਖ਼ਾਲਸੇ ਦਾ ਦੂਤ ਮੁਕਰਰ ਕਰ ਦਿੱਤਾ ਗਿਆ।

ਦਿੱਲੀ ਵਿੱਚ ਗੁਰੂਆਂ ਦੀਆਂ ਯਾਦਗਾਰਾਂ ਸਥਾਪਿਤ ਕਰਨ ਹਿਤ ਬਘੇਲ ਸਿੰਘ ਅਪ੍ਰੈਲ,1783 ਤੋਂ ਨਵੰਬਰ, 1783 ਤੱਕ ਇੱਥੇ ਠਹਿਰਿਆ। ਸ਼ਹਿਰ ਦੇ ਪੁਰਾਣੇ ਵਸਨੀਕਾਂ ਤੋਂ ਪੁੱਛ ਪੜਤਾਲ ਕਰ ਕੇ ਸੱਤ ਇਤਿਹਾਸਿਕ ਥਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਨ੍ਹਾਂ ਵਿੱਚ ਗੁਰਦੁਆਰਾ ਨਾਨਕ ਪਿਆਓ, ਗੁਰਦੁਆਰਾ ਮਜਨੂੰ ਕਾ ਟਿੱਲਾ, ਬੰਗਲਾ ਸਾਹਿਬ, ਸੀਸ ਗੰਜ ਸਾਹਿਬ, ਰਕਾਬ ਗੰਜ ਸਾਹਿਬ, ਗੁਰਦੁਆਰਾ ਮੋਤੀ ਬਾਗ ਅਤੇ ਗੁਰਦੁਆਰਾ ਮਾਤਾ ਸੁੰਦਰੀ ਜੀ ਸ਼ਾਮਲ ਸਨ। ਇਨ੍ਹਾਂ ਵਿੱਚੋਂ ਕੁੱਝ ਇਤਿਹਾਸਕ ਥਾਵਾਂ 'ਤੇ ਮਸਜਿਦਾਂ ਉਸਾਰੀਆਂ ਹੋਈਆਂ ਸਨ ਅਤੇ ਕੁਝ 'ਤੇ ਗੈਰਕਾਨੂੰਨੀ ਕਬਜ਼ੇ ਸਨ। ਇੱਥੇ ਹੋਏ ਝਗੜਿਆਂ ਨੂੰ ਬਾਦਸ਼ਾਹ ਨੇ ਸਮਝੌਤੇ ਦੀਆਂ ਸ਼ਰਤਾਂ ਦੀ ਮਜ਼ਬੂਰੀ ਹਿਤ ਜਬਰਦਸਤੀ ਨਾਲ ਸੁਲਝਾ ਦਿੱਤਾ। ਸ. ਬਘੇਲ ਸਿੰਘ ਨੇ ਆਪਣੀ ਨਿਜੀ ਦੇਖਰੇਖ ਹੇਠ ਸਾਰੇ ਗੁਰਦੁਆਰਿਆਂ ਦੀ ਉਸਾਰੀ ਪੂਰੀ ਕਰਵਾਈ ਅਤੇ ਇਨ੍ਹਾਂ ਵਿੱਚ ਇੱਕ ਇੱਕ ਗ੍ਰੰਥੀ ਨਿਯੁਕਤ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਖਰਚਿਆਂ ਨੂੰ ਪੂਰਾ ਕਰਨ ਲਈ ਇਨ੍ਹਾਂ ਗੁਰਦੁਆਰਿਆਂ ਦੇ ਨਾਮ ਸਥਾਈ ਤੌਰ 'ਤੇ ਜਗੀਰਾਂ ਲਗਵਾ

ਬਾਕੀ ਸਫ਼ਾ 38 'ਤੇ.....

ਜੱਗਬੀਤੀ

ਦਮਵੰਧ

ਕਮਲਜੀਤ ਸਿੰਘ ਬਣਵੈਤ,
ਚੰਡੀਗੜ੍ਹ

ਸਾਡੇ ਦਫ਼ਤਰ ਵਿੱਚ ਸਬ ਐਡੀਟਰ ਵਜੋਂ ਕੰਮ ਕਰਦੇ ਕਰਮਪਾਲ ਨੂੰ ਮੈਂ ਕਦੇ ਵੀ ਲੰਮਾ ਚਿਰ ਫ਼ੋਨ 'ਤੇ ਗੱਲੀਂ ਜੁਟਿਆ ਨਹੀਂ ਦੇਖਿਆ। ਉਸ ਨੂੰ ਫ਼ੋਨ ਆਉਂਦੇ ਵੀ ਘੱਟ ਵੱਧ ਹੀ ਹਨ ਪਰ ਉਸ ਦਿਨ ਉਹਦੇ ਫ਼ੋਨ ਦੀ ਘੰਟੀ ਘੜੀ ਘੜੀ ਵੱਜ ਰਹੀ ਸੀ। ਉਹ ਮਿੰਟ ਦੋ ਮਿੰਟ ਲਈ ਫ਼ੋਨ 'ਤੇ ਗੱਲ ਕਰਦਾ ਪਰ ਨਾਲ ਦੀ ਨਾਲ ਆਪਣੇ ਕੰਮ ਵਿੱਚ ਜੁਟ ਜਾਂਦਾ। ਉਹ ਦੇ ਚਿਹਰੇ ਤੋਂ ਸਾਫ਼ ਪੜ੍ਹਿਆ ਜਾ ਸਕਦਾ ਸੀ ਕਿ ਉਹ ਕਿਸੇ ਮੁਸ਼ਕਿਲ ਵਿੱਚ ਹੈ। ਕਈ ਵਾਰ ਉਹਨੇ ਅੱਖਾਂ 'ਤੇ ਪੁੱਠਾ ਕਰ ਕੇ ਹੱਥ ਵੀ ਫੇਰਿਆ ਸੀ। ਆਖਰੀ ਵਾਰ ਜਦੋਂ ਉਸ ਨੂੰ ਫ਼ੋਨ ਆਇਆ ਤਾਂ ਉਹ ਗੱਲਾਂ ਕਰਦਾ ਕਰਦਾ ਨਿਊਜ਼ ਰੂਮ ਵਿੱਚੋਂ ਬਾਹਰ ਨਿਕਲ ਗਿਆ ਸੀ। ਫਿਰ ਕਾਫ਼ੀ ਚਿਰ ਨਾ ਮੁੜਿਆ ਤਾਂ ਮੈਨੂੰ ਫਿਕਰ ਹੋਇਆ। ਮੈਂ ਅੰਦਰੋਂ ਥੋੜ੍ਹਾ ਔਖਾ ਵੀ ਸੀ ਕਿ ਉਹ ਆਪਣੇ ਬੌਸ ਨੂੰ ਬਗੈਰ ਦੱਸੇ ਕਿਸ ਤਰ੍ਹਾਂ ਚਲੇ ਗਿਆ। ਟੀਵੀ ਚੈਨਲਾਂ ਅਤੇ ਅਖ਼ਬਾਰਾਂ ਵਿੱਚ ਇੰਝ ਨਹੀਂ ਚਲਦਾ, ਮਿੰਟ ਮਿੰਟ ਬਾਅਦ ਤਾਂ ਬ੍ਰੇਕਿੰਗ ਨਿਊਜ਼ ਪਾਉਣੀ ਹੁੰਦੀ ਹੈ। ਉਹ ਸ਼ਾਮ ਤੱਕ ਨਾ ਪਰਤਿਆ। ਉਸ ਨੂੰ ਕਈ ਵਾਰ ਸਟਾਫ ਤੋਂ ਫ਼ੋਨ ਵੀ ਕਰਵਾਇਆ। ਉਹ ਦਾ ਫ਼ੋਨ ਕਦੇ ਬੰਦ ਹੁੰਦਾ ਜਾਂ ਫਿਰ ਚੁੱਕਦਾ ਨਾ। ਪੂਰਾ ਸਟਾਫ਼ ਹੈਰਾਨ ਸੀ ਅਤੇ ਚਿੰਤਾ ਵਿੱਚ ਵੀ ਸੀ।

ਅਗਲੇ ਦਿਨ ਉਸ ਦਾ ਈਮੇਲ 'ਤੇ 10 ਦਿਨ ਦੀ ਛੁੱਟੀ ਦਾ ਸੁਨੇਹਾ ਆ ਗਿਆ। ਉਹ ਨੇ ਦੱਸਿਆ ਸੀ ਕਿ ਸੜਕ ਹਾਦਸੇ ਵਿੱਚ ਉਸ ਦੇ ਚਾਚੇ ਦੀ ਮੌਤ ਹੋ ਗਈ ਹੈ। ਉਹਦਾ ਚਾਚਾ ਸਕੂਟਰ ਉੱਤੇ ਸ਼ਹਿਰੋਂ ਪਰਤ ਰਿਹਾ ਸੀ ਤੇ ਸਾਹਮਣੇ ਤੋਂ ਆ ਰਹੀ ਟਰੈਕਟਰ-ਟਰਾਲੀ ਨਾਲ ਟਕਰਾ ਕੇ ਹੇਠਾਂ ਡਿਗ ਪਿਆ। ਚਾਚੇ ਦੇ ਸਿਰ ਵਿੱਚੋਂ ਖ਼ੂਨ ਵਗਣ ਨਾਲ ਸੜਕ 'ਤੇ ਛੱਪੜ ਲਗ ਗਿਆ ਸੀ। ਘਰਦਿਆਂ ਨੇ ਕਰਮਪਾਲ ਨੂੰ ਬਿਨਾ ਦੇਰੀ ਪੁੱਜਣ ਲਈ ਕਿਹਾ ਸੀ ਕਿ ਚਾਚਾ ਸੜਕ ਹਾਦਸੇ ਵਿੱਚ ਸੱਟਾਂ ਲੱਗਣ ਕਾਰਨ ਗੰਭੀਰ ਸੀ। ਆਮ ਕਰ ਕੇ ਸੜਕ ਹਾਦਸਿਆਂ ਵਿੱਚ ਟੱਕਰ ਮਾਰਨ ਵਾਲੇ ਮੌਕੇ ਤੋਂ ਫਰਾਰ ਹੋ ਜਾਂਦੇ ਹਨ ਪਰ ਟਰੈਕਟਰ ਚਾਲਕ ਤੇ ਉਸ ਦਾ ਸਾਥੀ ਫੱਟੜ ਨੂੰ ਆਪਣੀ ਗੋਦੀ ਵਿੱਚ ਪਾ ਕੇ ਹਸਪਤਾਲ ਲੈ ਗਏ ਪਰ ਹਸਪਤਾਲ ਪੁੱਜਣ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਇੰਨੇ ਨੂੰ ਕਰਮਪਾਲ ਵੀ ਆਪਣੀ ਚਾਚੀ ਨੂੰ ਲੈ ਕੇ ਹਸਪਤਾਲ ਪੁੱਜ ਗਿਆ ਸੀ। ਟਰੈਕਟਰ -ਟਰਾਲੀ ਦਾ ਡਰਾਇਵਰ ਲਗਾਤਾਰ ਰੋ ਰਿਹਾ ਸੀ, ਅੱਥਰੂ ਰੁਕਣ ਦਾ ਨਾਂ ਨਹੀਂ ਸਨ ਲੈ ਰਹੇ। ਦੂਜੇ ਬੰਨੇ ਪਤੀ ਦੀ ਲਾਸ਼ ਦੇਖ ਕੇ ਚਾਚੀ ਦਾ ਤਰਾਸ ਵੀ ਦੇਖਿਆ ਨਹੀਂ ਸੀ ਜਾਦਾ। ਚਾਚਾ ਚਾਚੀ ਔਲਾਦ ਬਾਹਰੇ ਸਨ।

ਸੜਕ ਹਾਦਸੇ ਦੀ ਭਿਣਕ ਪੈਂਦਿਆਂ ਹੀ ਪੁਲਿਸ ਹਸਪਤਾਲ ਪੁੱਜ ਗਈ। ਥਾਣੇਦਾਰ ਪਰਚਾ ਦਰਜ ਕਰਨ ਲਈ ਕਾਹਲਾ ਸੀ ਪਰ ਟਰੈਕਟਰ ਡਰਾਇਵਰ ਕਰਮਪਾਲ ਨੂੰ ਲੈ ਕੇ ਇੱਕ ਪਾਸੇ ਚਲਾ ਗਿਆ। ਉਹਨੇ ਪੁਲਿਸ ਕੇਸ ਨਾ ਬਣਾਉਣ ਦਾ ਵਾਸਤਾ ਪਾਇਆ। ਇੰਨੇ ਨੂੰ ਦੋਵਾਂ ਧਿਰਾਂ ਦੇ ਪਤਵੰਤੇ ਵੀ ਹਸਪਤਾਲ ਪਹੁੰਚ ਗਏ। ਡਰਾਇਵਰ ਦੇ ਪਿੰਡੋਂ ਆਏ ਨੰਬਰਦਾਰ ਭੂਰਾ ਸਿੰਘ ਨੇ ਪੁਲਿਸ ਦੀ ਹਾਜ਼ਰੀ ਵਿੱਚ ਕਹਿ ਦਿੱਤਾ ਕਿ ਆਪਸੀ ਸਮਝੌਤੇ ਨਾਲ ਹੀ ਮਸਲਾ ਨਿਬੇੜ ਲੈਣ ਵਿੱਚ ਭਲਾ ਹੁੰਦਾ ਹੈ। ਟਰੈਕਟਰ ਦੇ ਡਰਾਇਵਰ ਕਿਹਰ ਸਿੰਘ ਦੇ ਪਿੰਡੋਂ ਆਏ ਸਰਪੰਚ ਕਿਹਰ ਸਿੰਘ ਨੇ ਕਿਹਾ ਕਿ ਉਸ ਵਿਚਾਰੇ ਕੋਲ ਲੈਣ ਦੇਣ ਲਈ ਤਾਂ ਕੁੱਝ ਹੈ ਨਹੀਂ। ਕਿਹਰ ਸਿੰਘ ਤਾਂ ਵਿਚਾਰਾ ਦਿਨ ਦੀ ਕਮਾਈ ਨਾਲ ਰਾਤ ਨੂੰ ਪਰਿਵਾਰ ਦਾ ਢਿੱਡ ਭਰਦਾ ਹੈ। ਪੁਲਿਸ ਵਾਲਿਆਂ ਨੇ ਦੋਹਾਂ ਧਿਰਾਂ ਦੀਆਂ ਜੇਬ੍ਹਾਂ ਹਲਕੀਆਂ ਕਰਨੀਆਂ ਹੁੰਦੀਆਂ ਹਨ, ਇਸ ਲਈ ਉਹ ਰਟ ਲਗਾ ਰਹੇ ਸਨ ਜੇ ਨਿਬੜਦਾ ਹੈ ਤਾਂ ਠੀਕ ਹੈ ਨਹੀਂ ਅਸੀਂ ਆਪਣੀ ਕਾਰਵਾਈ ਸ਼ੁਰੂ ਕਰੀਏ। ਡਰਾਇਵਰ ਦੇ ਪਿੰਡੋਂ ਆਇਆ ਸਰਪੰਚ ਵਾਰ ਵਾਰ ਉਸ ਦੇ ਹੱਕ ਵਿੱਚ ਗੱਲ ਰੱਖ ਰਿਹਾ ਸੀ। ਕਿਹਰ ਸਿੰਘ ਵੀ ਵਾਰ ਵਾਰ ਕਰਮਪਾਲ ਅੱਗੇ ਹੱਥ ਜੋੜ ਰਿਹਾ ਸੀ ਕਿ ਉਸ ਨੂੰ ਕਹਿਣ ਦੀ ਲੋੜ ਨਹੀਂ, ਉਹ ਤਾਂ ਪਿੰਡ ਦੀ ਪੰਚਾਇਤ ਨੂੰ ਨਾਲ ਲੈ ਕੇ ਅਗਲੇ ਦਿਨ ਵੱਧ ਤੋਂ ਵੱਧ ਮੁਆਵਜ਼ਾ ਲੈ ਕੇ ਚਾਚੀ ਦੇ ਦਰ 'ਤੇ ਆਪ ਹੀ ਹਾਜ਼ਰ ਹੋ ਜਾਵੇਗਾ। ਚਾਚੇ ਦੇ ਸਹੁਰੇ 10 ਲੱਖ 'ਤੇ ਅੜੇ ਹੋਏ ਸਨ। ਫਿਰ ਦੋਹਾਂ ਧਿਰਾਂ ਦੇ ਪਤਵੰਤਿਆਂ ਵਿੱਚ ਕਾਫ਼ੀ ਦੇਰ ਘੁਸਰ ਮੁਸਰ ਹੁੰਦੀ ਰਹੀ। ਕਈ ਚਿਰ ਖਹਿਬੜਨ ਤੋਂ ਪਿੱਛੋਂ ਵਿੱਚ ਵਿਚਾਲੇ ਰਸਤਾ ਨਿਕਲ ਆਇਆ ਅਤੇ ਦੋਹਾਂ ਧਿਰਾਂ ਵਿਚਕਾਰ ਮ੍ਰਿਤਕ ਦਾ ਸਸਕਾਰ ਕਰਨ ਦੀ ਰਜ਼ਾਮੰਦੀ ਹੋ ਗਈ।

ਅਗਲੇ ਦਿਨ ਹੀ ਡਰਾਇਵਰ ਕਿਹਰ ਸਿੰਘ ਪਰਨੇ ਦੇ ਲੜ ਨਾਲ ਦੋ ਲੱਖ ਰੁਪਏ ਬੰਨ੍ਹ ਕੇ ਚਾਚੀ ਦੇ ਘਰ ਜਾ ਪੁੱਜਾ। ਨਾਲ ਆਏ ਪਿੰਡ ਦੇ ਮੋਹਤਬਰਾਂ ਨੇ ਦੱਸਿਆ ਕਿ ਕਿਹਰ ਸਿੰਘ ਨੇ ਤਾਂ ਪਰਿਵਾਰ ਦੇ ਢਿੱਡ ਨੂੰ ਗੰਢ ਦੇ ਕੇ ਅਤੇ ਇੱਧਰੋਂ ਉੱਧਰੋਂ ਫੜ -ਫੜਾ ਕੇ ਆਪਣੀ ਧੀ ਦੇ ਵਿਆਹ ਲਈ ਦੋ ਲੱਖ ਰੁਪਏ ਜੋੜੇ ਸਨ, ਨਾਲ ਹੀ ਇਹ ਵੀ ਦੱਸ ਦਿੱਤਾ ਕਿ ਅਗਲੇ ਮਹੀਨੇ ਉਹਦੀ ਧੀ ਦਾ ਵਿਆਹ ਧਰਿਆ ਹੋਇਆ ਹੈ।

ਕਿਹਰ ਸਿੰਘ ਨੇ ਚਾਚੀ ਦੇ ਪੈਰਾਂ ਵਿੱਚ ਆਪਣਾ ਸਿਰ ਧਰਦਿਆਂ ਪਰਨੇ ਦੀ ਗੱਠ ਖੋਲ੍ਹਣੀ ਸ਼ੁਰੂ ਕੀਤੀ ਤਾਂ ਚਾਚੀ ਨੇ ਵੀ ਪੈਸੇ ਲੈਣ ਤੋਂ ਨਾਂਹ ਕਰ ਦਿੱਤੀ। ਸ਼ਾਇਦ ਉਸ ਦੇ ਦਿਲ ਨੂੰ ਪਤਵੰਤਿਆਂ ਦੀ ਗੱਲ ਟੁੰਬ ਗਈ ਹੋਵੇ ਜਾਂ ਕਿਹਰ ਸਿੰਘ ਦੀ ਨਿਮਰਤਾ ਦੇਖ ਕੇ ਦਿਲ ਪਸੀਜ ਗਿਆ ਹੋਵੇ। ਬਹੁਤੀ ਵਾਰ ਜਦੋਂ ਬੰਦਾ ਜ਼ਿੰਦਗੀ ਵਿੱਚ ਇਕੱਲਾ ਰਹਿ ਜਾਵੇ ਤਾਂ ਉਸ ਦਾ ਦਿਲ ਦਾਤਾ ਬਣ ਜਾਂਦਾ ਹੈ। ਕਿਹਰ ਸਿੰਘ ਤਾਂ ਕਰਮਪਾਲ

ਨਾਲ ਕੀਤੇ ਵਾਅਦੇ ਮੁਤਾਬਿਕ ਆਪਣਾ ਸਾਰਾ ਸਰਮਾਇਆ ਲੈ ਕੇ ਚਾਚੀ ਦੇ ਘਰ ਆ ਪੁੱਜਿਆ ਸੀ।

ਪਿੰਡ ਦੇ ਪਤਵੰਤਿਆਂ ਨੇ ਡਰਾਇਵਰ ਅਤੇ ਚਾਚੀ ਦੋਹਾਂ ਨੂੰ ਸਾਂਝੇ ਤੌਰ 'ਤੇ ਦਿਲਾਸਾ ਦਿੱਤਾ ਕਿ ਜਿਹੜਾ ਚਲਾ ਗਿਆ ਉਹ ਤਾਂ ਮੁੜਨਾ ਨਹੀਂ, ਕਿਹਰ ਸਿੰਘ ਦੀ ਧੀ ਤਾਂ ਵਿਆਹ ਦਾ ਚਾਅ ਪੂਰੇ ਕਰ ਲਏ। ਪਿੰਡ ਦੇ ਸਰਪੰਚ ਨੇ ਕਿਹਰ ਸਿੰਘ ਦੇ ਮੋਢੇ 'ਤੇ ਹੱਥ ਧਰਦਿਆਂ ਕਿਹਾ, "ਭਾਈ, ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਵਿਆਹ ਦੀ ਤਰੀਕ ਦੱਸ ਦੇਣਾ, ਅਸੀਂ ਜਿੰਨਾਂ ਸਰਿਆ, ਸਾਰੇ ਰਲ਼ ਕੇ ਮਦਦ ਕਰਾਂਗੇ। ਲਓ ਬਈ ਪਿੰਡ ਵਾਲਿਓ, ਹਾੜ੍ਹੀ ਦਾ ਦਸਵੰਧ ਕਿਹਰ ਸਿੰਘ ਦੀ ਕੰਨਿਆਂ ਦੇ ਨਾਂ"।

ਵਿਆਹ ਵਾਲੇ ਦਿਨ ਸਰਪੰਚ ਆਪਣੇ ਸਾਥੀਆਂ ਅਤੇ ਕਰਮਪਾਲ ਦੀ ਚਾਚੀ ਨੂੰ ਨਾਲ ਲੈ ਕੇ ਕਿਹਰ ਸਿੰਘ ਦੇ ਘਰ ਜਾ ਪੁੱਜਾ। ਅਨੰਦ ਕਾਰਜ 'ਤੇ ਬੈਠੀ ਕੁੜੀ ਦੀ ਝੋਲੀ ਵਿੱਚ ਚਾਚੀ ਨੇ 51000 ਰੁਪਏ ਦਾ ਸ਼ਗਨ ਪਾ ਕੇ ਸਿਰ 'ਤੇ ਹੱਥ ਧਰ ਦਿੱਤਾ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

❊ ❊ ❊ ❊ ❊

• ਰੂਪਨਗਰ ਜ਼ਿਲ੍ਹੇ ਦੇ ਪਿੰਡ ਜਟਾਣਾ ਦੇ ਜੰਮਪਲ **ਡਾ.ਨਰਿੰਦਰ ਸਿੰਘ ਸੈਣੀ** ਦੀ ਪੁਸਤਕ 'ਪੰਜਾਬ ਦੇ ਲੋਕ ਨਾਚਾਂ ਦਾ ਸਰਵੇਖਣ' 24 ਅਪ੍ਰੈਲ, 2023 ਨੂੰ ਉਨ੍ਹਾਂ ਦੇ ਪਿੰਡ ਵਿੱਚ ਸਥਾਪਿਤ ਗਿਆਨੀ ਦਲਜੀਤ ਸਿੰਘ ਯਾਦਗਾਰੀ ਪੰਜਾਬ ਆਰਟਸ ਇੰਟਰਨੈਸ਼ਨਲ ਭਵਨ ਵਿਖੇ ਲੋਕਅਰਪਣ ਕੀਤੀ ਗਈ। ਡਾ.ਨਰਿੰਦਰ ਸਿੰਘ ਰੰਗਮੰਚ ਦੇ ਉੱਘੇ ਕਲਾਕਾਰ ਅਤੇ ਪੰਜਾਬੀ ਸੱਭਿਆਚਾਰਕ ਵਿਰਸੇ ਦੀ ਸੰਭਾਲ ਲਈ ਕਾਰਜਸ਼ੀਲ ਹਨ। ਉਹ ਮੈਗਜ਼ੀਨ 'ਸੈਣੀ ਸੰਸਾਰ' ਦੀ ਪ੍ਰਕਾਸ਼ਨਾ ਵਿੱਚ ਭਰਪੂਰ ਯੋਗਦਾਨ ਪਾਉਂਦੇ ਹਨ।

• ਰੂਪਨਗਰ ਜ਼ਿਲ੍ਹੇ ਦੇ ਪਿੰਡ ਸਹੇੜੀ ਦੇ ਵਸਨੀਕ ਸ.ਸਕੰਦਰ ਸਿੰਘ ਸੈਣੀ ਮਾਰਕੀਟ ਕਮੇਟੀ ਚਮਕੌਰ ਸਾਹਿਬ ਦੇ ਪ੍ਰਧਾਨ, ਸ਼੍ਰੀ ਵਿਕਾਸ ਸੈਣੀ ਪਠਾਨਕੋਟ ਦੀ ਮਾਰਕੀਟ ਕਮੇਟੀ ਦੇ ਪ੍ਰਧਾਨ ਅਤੇ **ਸ਼੍ਰੀ ਰਾਮ ਕੁਮਾਰ ਸੈਣੀ** (ਮੁਕਾਰੀ) ਨੰਗਲ ਇੰਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਸਰਕਾਰ ਵਲੋਂ ਸੈਣੀ ਬਰਾਦਰੀ ਨੂੰ ਦਿੱਤੇ ਇਸ ਮਾਣ ਲਈ ਅਤਿ ਧੰਨਵਾਦੀ ਹਨ ਅਤੇ ਇਨ੍ਹਾਂ ਸਮਾਜਸੇਵੀ ਸਖਸ਼ੀਅਤਾਂ ਦੀ ਸਫਲਤਾ ਦੀ ਕਾਮਨਾ ਕਰਦੇ ਹਨ।

New Life Members of Saini Bhawan

1. **S. Surinder Singh**
   S/o S. Gurdev Singh
   # 17, Canal View, Giani Zail Singh Nagar, Ropar

2. **Sh. Shiv Kumar Saini**
   S/o Sh .Ram Sarup Saini
   # F-203, Sun Enclave Tower
   Ropar

3. **S. Tej Pal Singh**
   (Retd. Chief Engg.)
   # 314, Giani Zail Singh Nagar
   Ropar

4. **S. Gurcharan Singh**
   S/o S. Gurmukh Singh
   Vill. Katli, Distt. Ropar

❊ ❊ ❊ ❊ ❊

continued from page 4

1104. **S. Mohan Singh**
Vill. Paprala, Distt. Ropar

1105. **Subedar Major Kamaljit Singh**
Vill. Nikuwal, Distt. Ropar

1106. **S. Sarbjit Singh Saini**
M.C. Ropar

1107. **S. Baldev Singh Saini**
Preet Nagar, Hoshiarpur

1108. **S. Tarlochan Singh**
474, Phase III, Mohali

1109 **S. Kuljinder Singh**
474, Phase III, Mohali

1110. **S. Ajit Kamal Singh**
37, RKM City, Sector 112, Mohali

1111. **S. Parminder Singh**
Model Town, S.B.S. Nagar (N.Shahr)

1112. **Sh. Sham Sunder**
Sector 1, Naya Nangal

1113. **Smt. Bhagwant Kaur**
Chandigarh Road, Ropar

ਬੋਲੀਆਂ 'ਚੋਂ ਬੋਲੀ, ਪੰਜਾਬੀ ਬੋਲੀ

ਜਸਵੰਤ ਸਿੰਘ ਸੈਣੀ
ਰੋਪੜ

ਸਮਾਜ ਦੇ ਸੰਚਾਰ ਮਾਧਿਅਮ ਲਈ ਵਿਸ਼ਵ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੋਲੀਆਂ ਹਨ। ਪ੍ਰਸਿੱਧੀ ਪ੍ਰਾਪਤ ਬੋਲੀ ਨੂੰ ਭਾਸ਼ਾ ਜਾਂ ਜ਼ੁਬਾਨ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਉਨ੍ਹਾਂ ਵਿੱਚੋਂ ਇੱਕ ਹੈ। ਭਾਸ਼ਾ, ਭਾਵੇਂ ਕੋਈ ਵੀ ਹੋਵੇ, ਕੋਈ ਇੱਕ ਦਿਨ ਦੀ ਉਪਜ ਨਹੀਂ ਹੁੰਦੀ ਅਤੇ ਨਾ ਹੀ ਇਹ ਇੱਕ ਵਿਅਕਤੀ, ਭਾਵੇਂ ਉਹ ਕਿੱਡਾ ਵੀ ਮਹਾਨ ਕਿਉਂ ਨਾ ਹੋਵੇ, ਦੀ ਪੈਦਾਇਸ਼ ਹੁੰਦੀ ਹੈ ਸਗੋਂ ਇਸ ਦੀ ਬਣਤਰ ਤਾਂ ਸਮਾਜਿਕ ਭਾਈਚਾਰੇ ਦੇ ਲਗਾਤਾਰ ਇਕੱਠੇ ਰਹਿਣ ਅਤੇ ਆਪਸੀ ਹਾਵ ਭਾਵ ਵਟਾਂਦਰਾ ਕਰਦੇ ਹੋਏ ਪੜਾਵਾਂ ਵਿੱਚ ਬਣਦੀ ਰਹਿੰਦੀ ਹੈ। ਪੰਜਾਬੀ ਭਾਸ਼ਾ ਵੀ ਇਕੱਠੇ ਰਹਿਣ ਵਾਲੇ ਆਮ ਲੋਕਾਂ ਦੇ ਆਪਸੀ ਸੰਪਰਕ ਵਿੱਚੋਂ ਨਿਕਲੀ ਹੋਈ ਭਾਸ਼ਾ ਹੈ। ਪੰਜਾਬੀ ਭਾਸ਼ਾ ਕਿਤੋਂ ਬਾਹਰੋਂ ਨਹੀਂ ਆਈ ਸਗੋਂ ਇਹ ਬੋਲੀ ਇੱਥੋਂ ਦੇ ਮੂਲ ਅਤੇ ਸਥਾਈ ਵਸੋਂ ਕਰ ਰਹੇ ਨਿਵਾਸੀਆਂ ਦੀ ਹੀ ਬੋਲੀ ਹੈ। ਪੰਜਾਬੀ ਭਾਸ਼ਾ ਦਾ ਪਿਛੋਕੜ ਕਿਸੇ ਧਰਮ ਵਿਸ਼ੇਸ਼, ਕਿੱਤੇ ਵਿਸ਼ੇਸ਼, ਜਾਤ ਵਿਸ਼ੇਸ਼ ਜਾਂ ਅਮੀਰੀ ਗਰੀਬੀ ਨਾਲ ਜੁੜਿਆ ਹੋਇਆ ਨਹੀਂ ਹੈ। ਸਗੋਂ ਪ੍ਰਾਚੀਨ ਸਮਿਆਂ ਦੇ ਸਾਧਾਰਣ ਲੋਕਾਂ ਦੇ ਸਾਧਾਰਣ ਜੀਵਨ ਨਿਰਬਾਹ ਵਿੱਚੋਂ ਉਪਜਿਆ ਪੰਜਾਬੀ ਸੰਚਾਰ ਮਾਧਿਅਮ ਹੈ। ਜਨਤਾ ਜਨਾਰਦਨ ਨੂੰ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਬਸਰ ਕਰਨ ਵੇਲੇ ਇੱਕ ਦੂਜੇ ਨੂੰ ਸਮਝ ਵਿੱਚ ਆਉਣ ਵਾਲੀ ਬੋਲੀ ਚਾਹੀਦੀ ਹੁੰਦੀ ਹੈ ਇਹ ਸਰਲਤਾ ਅਤੇ ਸਹਿਜਤਾ ਪੰਜਾਬੀ ਬੋਲੀ ਵਿੱਚ ਬਖੂਬੀ ਉਪਲਬਧ ਹੈ। ਇਨ੍ਹਾਂ ਗੁਣਾ ਕਰਕੇ ਹੀ ਪੰਜਾਬੀ ਭਾਸ਼ਾ ਨੂੰ ਦੇਸ ਪ੍ਰਦੇਸ਼ ਵਿੱਚ ਹਰਮਨ ਪਿਆਰੀ ਭਾਸ਼ਾ ਹੋਣ ਦਾ ਮਾਣ ਪ੍ਰਾਪਤ ਹੈ ।

ਪੰਜਾਬ ਦੇ ਨਿਵਾਸੀ ਭਾਵੇਂ ਕਿਸੇ ਵੀ ਬੋਲੀ ਦਾ ਸਹਾਰਾ ਲੈਂਦੇ ਹੋਣ ਪਰੰਤੂ ਉਨ੍ਹਾ ਦੀ ਮਾਂ ਬੋਲੀ ਵਾਹਦ ਪੰਜਾਬੀ ਹੀ ਹੈ। ਪੰਜਾਬੀ ਹਜ਼ਾਰਾਂ ਵਰ੍ਹਿਆਂ ਤੋਂ ਪੰਜਾਬੀ ਖਿੱਤੇ ਵਿੱਚ ਬੋਲੀ ਜਾਂਦੀ ਆ ਰਹੀ ਹੈ। ਪੰਜਾਬੀ ਬੋਲੀ ਦੇ ਬੁਨਿਆਦੀ ਮੂਲ ਸਰੋਤ ਬਣਨ ਵਿੱਚ ਸਮੇਂ ਸਮੇਂ ਸਿਰ ਜਿਹੜੀਆਂ ਪ੍ਰਾਚੀਨ ਬੋਲੀਆਂ ਨੇ ਅਹਿਮ ਭੂਮਿਕਾ ਨਿਭਾਈ ਉਨ੍ਹਾਂ ਵਿੱਚ ਪਾਲੀ, ਪ੍ਰਾਕ੍ਰਿਤੀ, ਅਪਭ੍ਰੰਸ਼ ਮੁੱਖ ਹਨ। ਇਸ ਤੋਂ ਇਲਾਵਾ ਅਪਭ੍ਰੰਸ਼ ਦੀਆਂ ਸਹੇਲੀ ਉਪਬੋਲੀਆਂ ਖੜੀ ਬੋਲੀ, ਬ੍ਰਜ ਆਦਿ ਨੇ ਯੋਗਦਾਨ ਪਾਇਆ। ਸੰਸਕ੍ਰਿਤ ਦਾ ਭਾਰਤੀ ਭਾਸ਼ਾਵਾਂ ਵਿੱਚ ਮਹੱਤਵਪੂਰਣ ਸਥਾਨ ਹੈ। ਇਸ ਨੇ ਪੰਜਾਬੀ ਸਮੇਤ ਸਾਰੀਆਂ ਭਾਰਤੀ ਭਾਸ਼ਾਵਾਂ 'ਤੇ ਪ੍ਰਭਾਵ ਛੱਡਿਆ ਹੈ। ਪਰੰਤੂ ਪੰਜਾਬੀ ਭਾਸ਼ਾ ਦਾ ਮੂਲ ਸਰੋਤ ਸੰਸਕ੍ਰਿਤ ਨਹੀ ਹੈ ਕਿਉਂਕਿ ਪੰਜਾਬੀ ਭਾਸ਼ਾ ਦੀ ਸ਼ਬਦ ਰਚਨਾ, ਵਾਕ ਰਚਨਾ ਅਤੇ ਵਿਆਕਰਣ ਸੰਸਕ੍ਰਿਤ ਨਾਲ ਮੇਲ ਨਹੀਂ ਖਾਂਦੇ ਹਨ। ਦੂਜੀ ਗੱਲ ਇਹ ਵੀ ਹੈ ਕਿ ਸੰਸਕ੍ਰਿਤ ਵਿਦਵਾਨਾਂ ਨੇ ਇਸ ਭਾਸ਼ਾ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਰੱਖਿਆ ਅਤੇ ਸੰਚਾਰ ਮਾਧਿਅਮ ਦੀ ਲੋੜ ਪੂਰਤੀ ਲਈ ਪੁੰਗਰਦੀਆਂ ਭਾਸ਼ਾਵਾਂ ਨੂੰ ਸੰਸਕ੍ਰਿਤ ਤੋਂ ਇਲਾਵਾ ਹੋਰ ਸਥਾਨਕ ਬੋਲੀਆਂ ਦੇ ਬਦਲ ਅਪਨਾਉਣੇ ਪਏ ।

ਪੰਜਾਬੀ ਬੋਲੀ ਦੇ ਇਤਿਹਾਸ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਹਿੰਦੋਸਤਾਨ ਦੇ ਉੱਤਰੀ ਪੱਛਮੀ ਖਿੱਤੇ ਵਿੱਚ ਉਦੋਂ ਵੀ ਸੀ ਜਦੋਂ ਅੱਠ ਨੌਂ ਸੌ ਸਾਲ ਈਸਵੀ ਪੂਰਵ ਯੂਨਾਨੀ ਧਾੜਵੀ ਸਿਕੰਦਰ ਭਾਰਤ ਤੇ ਹਮਲੇ ਕਰਦਾ ਹੁੰਦਾ ਸੀ। ਕੁੱਝ ਪੁਰਾਣੇ ਚੀਨ ਸ਼ਿਲਾਲੇਖਾ ਉੱਤੇ ਪੰਜਾਬੀ ਲਹਿਜੇ ਦੀਆਂ ਲਿਖਤਾਂ ਮਿਲਦੀਆਂ ਹਨ। ਸਿਕੰਦਰ ਯੁੱਗ ਤੋਂ ਬਾਅਦ ਵੀ ਭਾਰਤ ਦੇ ਇਸ ਖਿੱਤੇ ਵਿੱਚ ਮੱਧ ਏਸ਼ੀਆ ਤੋਂ ਆ ਕੇ ਵਸੇ ਆਰੀਆ ਸਮੇਤ ਸਾਰੇ ਤਬਕਿਆਂ ਦੇ ਸਥਾਈ ਨਿਵਾਸੀਆਂ ਦੀ ਬੋਲੀ ਪੰਜਾਬੀ ਹੀ ਸੀ। ਤੁਰਕਾਂ, ਪਠਾਣਾ, ਮੁਗਲਾਂ ਆਦਿ ਧਾੜਵੀਆਂ ਦੇ ਆਉਣ ਤੋਂ ਪਹਿਲਾਂ ਪੰਜਾਬੀ ਏਸ਼ੀਆ ਦੇ ਦੇਸ਼ ਹਿੰਦੋਸਤਾਨ ਦੇ ਉੱਤਰੀ ਪੱਛਮੀ ਖੇਤਰ ਵਿੱਚ ਸਥਾਪਿਤ ਹੋ ਚੁਕੀ ਸੀ। ਜਿੱਥੇ ਤੱਕ ਪੰਜਾਬੀ ਭਾਸ਼ਾ ਦੇ ਲਿਖਤੀ ਸਾਹਿਤ ਦਾ ਸਬੰਧ ਹੈ ਇਸ ਦਾ ਸਟੀਕ ਪ੍ਰਮਾਣ ਬਾਬਾ ਸ਼ੇਖ ਫਰੀਦ ਦੀ ਅਧਿਆਤਮਕ ਅਤੇ ਸੂਫੀ ਕਾਵਿ ਰਚਨਾਵਾਂ ਤੋਂ ਮਿਲਦਾ ਹੈ। ਸ਼ੇਖ ਫਰੀਦ ਬਾਰ੍ਹਵੀਂ ਸਦੀ ਦੇ ਜੰਮਪਲ ਸਨ। ਉਨ੍ਹਾਂ ਦੇ ਉਚਾਰਨ ਕੀਤੇ ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਦਰਜ ਸਲੋਕ, ਸ਼ਬਦ ਪੰਜਾਬੀ ਜ਼ੁਬਾਨ ਵਿੱਚ ਹੀ ਮਿਲਦੇ ਹਨ। ਪੰਜਾਬੀ ਜ਼ੁਬਾਨ ਦੇ ਟਕਸਾਲੀ ਰੂਪ ਨੇ ਲਗਭਗ ਇੱਕ ਹਜ਼ਾਰ ਸਾਲ ਪਹਿਲਾਂ ਇੱਕ ਵਖਰੀ ਪਛਾਣ ਬਣਾ ਲਈ ਸੀ ਅਤੇ ਮੁਕੰਮਲ ਭਾਸ਼ਾ ਦਾ ਮੁਕਾਮ ਹਾਸਿਲ ਕਰ ਲਿਆ ਸੀ ।

ਪੰਜਾਬੀ ਨੂੰ ਪਹਿਲਾਂ ਸਪਤਸਿੰਧੀ ਵੀ ਕਿਹਾ ਜਾਂਦਾ ਰਿਹਾ ਹੈ। ਇਸ ਦਾ ਕਾਰਣ ਇਹ ਸੀ ਕਿ ਪੰਜਾਬੀ ਬੋਲਣ ਵਾਲੇ ਪੱਛਮ ਵਿੱਚ ਸਿੰਧ ਦਰਿਆ ਤੱਕ ਫੈਲੇ ਹੋਏ ਸਨ। ਪਰੰਤੂ ਜ਼ਿਆਦਾ ਭਾਰੂ ਗੱਲ ਇਹ ਹੈ ਕਿ ਪੰਜਾਬੀ ਭਾਸ਼ਾ ਦਾ ਜਨਮ ਅਤੇ ਵਿਕਾਸ ਪੁਰਾਣੇ ਭਾਰਤ ਦੇ ਲਾਹੌਰ ਸ਼ਹਿਰ ਅਤੇ ਇਸ ਦੇ ਆਲੇ ਦੁਆਲੇ ਦੇ ਵਿਸ਼ਾਲ ਖੇਤਰ ਵਿੱਚ ਹੋਇਆ ਅਤੇ ਇਸ ਕਰਕੇ ਪੰਜਾਬੀ ਬੋਲੀ ਦਾ ਕੁਦਰਤੀ ਲਗਾਅ ਲਾਹੌਰ ਨਾਲ ਉਚੇਚੇ ਤੌਰ 'ਤੇ ਹੈ। ਇਸ ਕਰਕੇ ਪੰਜਾਬੀ ਨੂੰ ਲਾਹੌਰੀ ਬੋਲੀ ਵੀ ਕਿਹਾ ਜਾਂਦਾ ਰਿਹਾ ਹੈ। ਸੋ ਲਾਹੌਰੀ ਅਤੇ ਪੰਜਾਬੀ ਇੱਕ ਦੂਜੇ ਦੇ ਬਦਲਵੇਂ ਨਾਂ ਸਨ ਪਰੰਤੂ ਇਸ ਜ਼ੁਬਾਨ ਦੇ ਸਰਬਪ੍ਰਵਾਨਿਤ ਨਾਂ ਪੰਜਾਬੀ ਨੇ ਪੱਕੇ ਪੈਰ ਜਮਾ ਲਏ। ਇਸ ਦਾ ਵੱਡਾ ਕਾਰਣ ਇਹ ਵੀ ਸੀ ਕਿ ਪੰਜਾਬੀ ਭਾਸ਼ਾ ਧਰਤੀ ਦੇ ਉਸ ਖਿੱਤੇ ਦੀ ਭਾਸ਼ਾ ਹੈ ਜਿੱਥੇ ਪੰਜ ਆਬ ਯਨੀ ਪੰਜ ਦਰਿਆ ਝਨਾ, ਚਨਾਬ, ਰਾਵੀ, ਬਿਆਸ ਅਤੇ ਸਤਲੁਜ ਵਗਦੇ ਹਨ। ਪੰਜ + ਆਬ = ਪੰਜਾਬੀ ਮੂਲ ਰੂਪ ਵਿੱਚ ਫਾਰਸੀ ਭਾਸ਼ਾ ਦੇ ਸ਼ਬਦ ਹਨ ।

ਪੰਜਾਬੀ ਭਾਸ਼ਾ ਬਹੁਤ ਪੁਰਾਣੀ ਹੁੰਦਿਆਂ ਹੋਇਆ ਵੀ ਇਸ ਦੀਆਂ ਮੁਢਲੀਆਂ ਰਚਨਾਵਾਂ ਅਤੇ ਲਿਖਤਾਂ ਨੂੰ ਸਾਂਭਣ ਵਿੱਚ ਤਕਨੀਕੀ ਵਿਵਸਥਾ ਦੀ ਘਾਟ ਸੀ ਪਰੰਤੂ ਪੰਜਾਬੀ ਭਾਸ਼ਾ ਦੀਆਂ ਰਚਨਾਵਾਂ ਦੀ ਸੰਭਾਲ ਪੀੜ੍ਹੀ ਦਰ ਪੀੜ੍ਹੀ ਸੁਨਣ ਸੁਨਾਣ ਅਤੇ ਯਾਦਦਾਸ਼ਤ ਦੇ ਬਲ 'ਤੇ ਹੁੰਦੀ ਰਹੀ। ਪੰਜਾਬੀ ਲਿਖਤਾਂ ਲਈ ਢੁਕਵੀਂ ਲਿੱਪੀ ਗੁਰਮੁਖੀ ਸਿੱਖ ਧਰਮ ਦੇ ਦੂਜੇ ਗੁਰੂ ਸ਼੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਪੰਜਾਬੀ ਜ਼ੁਬਾਨ ਨੂੰ ਸੋਲ੍ਹਵੀਂ ਸਦੀ ਵਿੱਚ ਵਰਦਾਨ ਵਜੋਂ ਮਿਲੀ ਭਾਵੇਂ ਕਿ ਪੰਜਾਬੀ ਜ਼ੁਬਾਨ ਤਾਂ ਗੁਰਮੁਖੀ ਲਿੱਪੀ ਦੇ ਆਉਣ ਤੋਂ ਕਿਤੇ ਪਹਿਲਾਂ ਤੋਂ ਚਲਦੀ ਆ ਰਹੀ ਸੀ। ਪੰਜਾਬੀ ਭਾਸ਼ਾ ਦੀ ਉਤਪੱਤੀ ਸਿੱਖ ਧਰਮ ਜਾਂ ਗੁਰੂ ਸਾਹਿਬਾਨ ਦੇ ਆਗਮਨ ਨਾਲ ਉੱਕਾ ਹੀ ਜੁੜੀ ਹੋਈ ਨਹੀਂ ਹੈ ਕਿਉਂਕਿ ਪੰਜਾਬੀ ਜ਼ੁਬਾਨ ਦਾ ਚਲਨ ਤਾਂ ਸਿੱਖ ਧਰਮ ਦੇ ਆਗਾਜ਼ ਤੋਂ ਕਿਤੇ ਪੁਰਾਣਾ ਹੈ। ਇਹ ਗੱਲ ਵਖਰੀ ਹੈ ਕਿ ਗੁਰੂ ਸਾਹਿਬਾਨ ਨੇ ਪਵਿੱਤਰ ਗੁਰਬਾਣੀ ਦੀ ਰਚਨਾ ਕਰਨ ਲਈ ਪੰਜਾਬੀ ਜ਼ੁਬਾਨ ਨੂੰ ਹੀ ਅਪਣਾਇਆ। ਗੁਰਮੁਖੀ ਲਿੱਪੀ ਦੀ ਰਚਨਾ ਤਾਂ ਲਗਭਗ ਪੰਜ ਕੁ ਸੌ ਸਾਲ ਪਹਿਲਾਂ ਹੋਈ ਸੀ ਜਦੋਂ ਕਿ ਪੰਜਾਬੀ ਜ਼ੁਬਾਨ ਦੀਆਂ ਲਿਖਤਾਂ ਦਾ ਇਤਿਹਾਸ ਕਾਫੀ ਪੁਰਾਣਾ ਹੈ। ਲਿਖਤਾਂ ਦਾ ਕੰਮ ਪਹਿਲਾਂ ਪਹਿਲ ਸਮਕਾਲੀ ਭਾਸ਼ਾਵਾਂ ਦੀਆਂ ਲਿੱਪੀਆਂ ਵਰਤੋਂ ਕਰਕੇ ਹੀ ਕੰਮ ਸਾਰ ਲਿਆ ਜਾਂਦਾ ਹੋਵੇਗਾ ਪਰੰਤੂ ਫਾਰਸੀ ਲਿੱਪੀ ਪ੍ਰਚਲਿੱਤ ਹੋਣ ਤੋਂ ਬਾਅਦ ਤਾਂ ਪੰਜਾਬੀ ਜ਼ੁਬਾਨ ਦੇ ਸਾਰਾ ਦਾ ਸਾਰਾ ਸਾਹਿਤ ਫਾਰਸੀ ਲਿੱਪੀ ਵਿੱਚ ਹੀ ਲਿਖਿਆ ਜਾਣ ਲੱਗਾ। ਪੰਜਾਬੀ ਦੇ ਫਾਰਸੀ ਲਿੱਪੀ ਲਿਖਣ ਨੂੰ ਸ਼ਾਹਮੁਖੀ ਲਿੱਪੀ ਵਿੱਚ ਲਿਖਿਆ ਹੋਇਆ ਵੀ ਕਿਹਾ ਜਾਂਦਾ ਹੈ ।

ਪੰਜਾਬੀ ਜ਼ੁਬਾਨ ਸਰਲ ਭਾਸ਼ਾ ਹੈ ਅਤੇ ਇਹ ਦੇਸ਼ ਵਿਦੇਸ਼ ਦੇ ਆਮ ਆਦਮੀ ਦੀ ਪਕੜ ਵਿੱਚ ਸਹਿਜਤਾ ਨਾਲ ਆਉਣ ਵਾਲੀ ਭਾਸ਼ਾ ਹੈ। ਉੱਝ ਵੀ ਪੰਜਾਬੀ ਲਗਭਗ ਸਮੂਹ ਭਾਸ਼ਾਈ ਗੁਣਾਂ ਨਾਲ ਭਰਪੂਰ ਹੈ। ਇਹ ਹੀ ਕਾਰਣ ਹੈ ਕਿ ਭਾਰਤ ਦੇ ਸਿਰਫ ਦੋ ਪ੍ਰਤੀਸ਼ਤ ਆਬਾਦੀ ਵਾਲੇ ਸੂਬੇ ਦੀ ਭਾਸ਼ਾ ਹੋਣ ਦੇ ਬਾਵਜੂਦ ਵੀ ਪੰਜਾਬੀ ਵਿਸ਼ਵ ਦੀਆਂ ਹਜ਼ਾਰਾਂ ਬੋਲੀਆਂ ਨੂੰ ਕੱਟ ਕੇ ਸ਼ਿਖਰਲੀਆਂ ਦਸ ਗਿਆਰਾਂ ਭਾਸ਼ਾਵਾਂ ਵਿੱਚੋਂ ਇੱਕ ਹੈ। ਪੰਜਾਬੀ ਭਾਸ਼ਾ ਨੂੰ ਅੰਤਰਰਾਸ਼ਟਰੀ ਭਾਸ਼ਾ ਹੋਣ ਦਾ ਵੀ ਮਾਣ ਪ੍ਰਾਪਤ ਹੈ। ਪੰਜਾਬੀ ਨਾ ਕੇਵਲ ਭਾਰਤ ਦੇ ਚੜ੍ਹਦੇ ਪੰਜਾਬ ਵਿੱਚ ਹੀ ਬੋਲੀ ਜਾਂਦੀ ਹੈ ਸਗੋਂ ਇਸ ਤੋਂ ਕਿਤੇ ਵੱਧ ਤਾਂ ਬਾਹਰ ਦੇ ਮੁਲਕਾਂ ਵਿੱਚ ਬੋਲੀ ਜਾਂਦੀ ਹੈ। ਸੰਨ ਸੰਤਾਲੀ ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬੀ ਬੋਲਣ ਵਾਲੇ ਦੋ ਦੇਸ਼ਾਂ ਦੇ ਦੋ ਵਖਰੇ ਵਖਰੇ ਖਿੱਤੇ ਚੜ੍ਹਦੇ ਪੰਜਾਬ ਅਤੇ ਲਹਿੰਦੇ ਪੰਜਾਬ ਵਿੱਚ ਵੰਡੇ ਗਏ ਸਨ। ਪੰਜਾਬੀ ਚੜ੍ਹਦੇ ਪੰਜਾਬ ਸਮੇਤ ਭਾਰਤ ਦੇ ਲਗਭਗ ਤਿੰਨ ਕਰੋੜ ਲੋਕਾਂ ਦੀ ਹੀ ਭਾਸ਼ਾ ਹੈ ਪਰੰਤੂ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪਾਕਿਸਤਾਨ ਦੇ ਲਹਿੰਦੇ ਪੰਜਾਬ ਵਿੱਚ ਭਾਰਤ ਤੋਂ ਕਿਤੇ ਵੱਧ ਲਗਭਗ ਦਸ ਕਰੋੜ ਦੇ ਕਰੀਬ ਹੈ। ਇਨ੍ਹਾਂ ਦੋਵੇਂ ਦੇਸ਼ਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਬੋਲਣ ਵਾਲੇ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵਸੇ ਹੋਏ ਹਨ। ਕੁੱਝ ਦੇਸ਼ਾਂ ਵਿੱਚ ਤਾਂ ਪੰਜਾਬੀ ਬੋਲਣ ਵਾਲਿਆਂ ਦੀ ਖਾਸੀ ਵੱਡੀ ਗਿਣਤੀ ਹੈ ਅਤੇ ਇਸੇ ਕਰਕੇ ਆਸਟਰੇਲੀਆ ਦੇਸ਼ ਵਿੱਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਪੱਧਰ ਤੇ ਦੂਜਾ ਸਥਾਨ ਪ੍ਰਾਪਤ ਹੈ। ਵੱਡੇ ਮੁਲਕਾਂ ਕੈਨੇਡਾ ਅਤੇ ਇੰਗਲੈਂਡ ਵਿੱਚ ਪੰਜਾਬੀ ਤੀਜੀ ਭਾਸ਼ਾ ਦੇ ਤੌਰ ਤੇ ਮਾਨਤਾ ਪ੍ਰਾਪਤ ਹੈ। ਪੰਜਾਬੀ ਭਾਸ਼ਾ ਅਮਰੀਕਾ, ਇਟਲੀ ਆਦਿ ਦੇਸ਼ਾਂ ਸਮੇਤ ਵਿਸ਼ਵ ਦੇ ਲਗਭਗ ਹਰ ਕੋਨੇ ਵਿੱਚ ਅਪਣੀ ਅਸਰਦਾਰ ਹੋਂਦ ਦਰਸ਼ਾ ਰਹੀ ਹੈ।

ਇੱਕ ਭਾਸ਼ਾ ਵੱਲੋਂ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਅਪਨਾਉਣ ਨਾਲ ਵੀ ਭਾਸ਼ਾ ਅਮੀਰ ਹੁੰਦੀ ਹੈ। ਇਸੇ ਕਰਕੇ ਪੰਜਾਬੀ ਭਾਸ਼ਾ ਨੇ ਉਰਦੂ, ਫਾਰਸੀ ਦੇ ਬਹੁਤ ਸਾਰੇ ਸ਼ਬਦਾਂ ਨੂੰ ਅਪਣੀ ਜ਼ੁਬਾਨ ਦਾ ਹਿੱਸਾ ਬਣਾ ਲਿਆ ਹੈ। ਭਾਵੇਂ ਕਿ ਉਰਦੂ ਤੋਂ ਇਲਾਵਾ ਪੰਜਾਬੀ ਭਾਸ਼ਾ ਸ਼ਬਦਾਵਲੀ ਵਿੱਚ ਹਿੰਦੀ, ਸੰਸਕ੍ਰਿਤ ਅਤੇ ਅੰਗਰੇਜ਼ੀ ਸ਼ਬਦ ਵੀ ਵੇਖਣ ਨੂੰ ਆਉਂਦੇ ਹਨ ਪਰੰਤੂ ਜੋ ਉਰਦੂ, ਫਾਰਸੀ ਦੇ ਸ਼ਬਦਾਂ ਨੇ ਪੰਜਾਬੀ ਵਿੱਚ ਦਮਖਮ ਭਰਿਆ ਹੈ ਉਹ ਹੋਰ ਜ਼ੁਬਾਨਾਂ ਦੇ ਸ਼ਬਦ ਨਹੀਂ ਕਰ ਸਕੇ। ਇਸ ਦੇ ਉਲਟ ਹਿੰਦੀ ਭਾਸ਼ਾ ਨੇ ਸੰਸਕ੍ਰਿਤ ਸ਼ਬਦਾਵਲੀ ਨੂੰ ਵਧੇਰੇ ਤਰਜੀਹ ਦਿੱਤੀ ਅਤੇ ਫਾਰਸੀ, ਅਰਬੀ ਅਤੇ ਉਰਦੂ ਜ਼ੁਬਾਨਾਂ ਤੋਂ ਦੂਰੀ ਬਣਾ ਕੇ ਅਪਣਾ ਦਾਇਰਾ ਸੀਮਿਤ ਕਰ ਲਿਆ।

ਦੁਨੀਆਂ ਦੀ ਵਿਲੱਖਣ ਅਤੇ ਅਮੀਰ ਭਾਸ਼ਾ ਪੰਜਾਬੀ ਦੇ ਉੱਜਲ ਭਵਿੱਖ ਨੂੰ ਸੁਨਿਸਚਿਤ ਕਰਨ ਲਈ ਪੰਜਾਬੀ ਦੇ ਕਿੱਤਾਮੁਖੀ ਪੱਖ ਵਿੱਚ ਹੋਰ ਤਕਨੀਕੀ ਮੁਹਾਰਤ ਹਾਸਿਲ ਕਰਨੀ ਅਤੇ ਦੇਸ਼ ਵਿਦੇਸ਼ ਵਿੱਚ ਵਸਦੀਆਂ ਸ਼ਹਿਰੀ ਮਾਵਾਂ ਨੂੰ ਅਪਣੇ ਬੱਚਿਆਂ ਨਾਲ ਆਪਸੀ ਗੱਲ ਬਾਤ ਲਗਾਤਾਰ ਪੰਜਾਬੀ ਵਿੱਚ ਕਰਨੀ ਅਤੇ ਗੁਰਮੁਖੀ ਲਿੱਪੀ ਦੀਆਂ ਲਿਖਤਾਂ ਨਾਲ ਜੋੜ ਕੇ ਰੱਖਣਾ ਜ਼ਰੂਰੀ।

❊ ❊ ❊ ❊ ❊

• ਰੂਪਨਗਰ ਸ਼ਹਿਰ ਦੀ ਬਗਲ ਵਿੱਚ ਸਥਿਤ **ਸੇਂਟ ਕਾਰਮਲ ਸਕੂਲ ਕਟਲੀ ਦੀ ਵਿਦਿਆਰਥਣ ਅਨੰਨਿਆ ਸ਼ਰਮਾ** ਨੇ ਸੀਬੀਐਸਈ ਦੀ ਬਾਰ੍ਹਵੀਂ ਕਲਾਸ ਦੇ ਨਤੀਜੇ,2023 ਦੌਰਾਨ 98% ਅੰਕ ਪ੍ਰਾਪਤ ਕਰਕੇ ਪੰਜਾਬ ਭਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਇਹ ਪ੍ਰਾਪਤੀ ਸਕੂਲ ਦੇ ਸਰਪ੍ਰਸਤ ਸ. ਅਮਰਜੀਤ ਸਿੰਘ ਸੈਣੀ, ਐਮ.ਡੀ ਸ਼੍ਰੀਮਤੀ ਮਾਧੁਰੀ ਸੈਣੀ ਅਤੇ ਮੈਨੇਜਰ ਜਯਾ ਸੈਣੀ ਦੀ ਯੋਗ ਅਗਵਾਈ ਅਤੇ ਮਿਹਨਤ ਸਦਕਾ ਸੰਭਵ ਹੋਈ ਹੈ। ਸਮਾਜਸੇਵੀ ਇਹ ਪਰਿਵਾਰ ਸੈਣੀ ਭਵਨ ਦੇ ਸਮਾਜਭਲਾਈ ਕਾਰਜਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਾ ਹੈ ਅਤੇ ਲੋੜ ਪੈਣ 'ਤੇ ਵਿਤੀ ਮਦਦ ਕਰਦਾ ਹੈ।

ਸਿਹਤ ਮਸਲੇ

ਡਾ.ਮਨਜੀਤ ਸਿੰਘ ਬਲ

ਹੱਡੀਆਂ ਦਾ ਖੁਰਨਾ ਅਤੇ ਇਸ ਤੋਂ ਬਚਾਅ

ਜਦੋਂ ਹੱਡੀਆਂ ਖੁਰ ਖੁਰ ਕੇ ਅੰਦਰੋਂ ਪੋਲੀਆਂ ਹੋ ਜਾਂਦੀਆਂ ਹਨ ਤਾਂ ਹੱਡੀ ਟੁੱਟਣ (ਫਰੈਕਚਰ) ਦਾ ਖਤਰਾ ਵਧ ਜਾਂਦਾ ਹੈ। ਇਸ ਸਰੀਰਿਕ ਨੁਕਸ ਨੂੰ ਓਸਟੀਓਪੋਰੋਸਿਸ ਕਿਹਾ ਜਾਂਦਾ ਹੈ। ਵਧੇਰੇ ਕੇਸਾਂ ਵਿਚ ਕੈਲਸ਼ੀਅਮ, ਫਾਸਫੋਰਸ ਤੇ ਹੋਰ ਖਣਿਜਾਂ ਦਾ ਪੱਧਰ ਘਟਣ ਕਰਕੇ ਹੱਡੀਆਂ ਦੀ ਘਣਤਾ (ਪ੍ਰਤਿ ਵਰਗ ਸੈਂਟੀਮੀਟਰ ਵਿੱਚ ਖਣਿਜਾਂ ਦੀ ਮਾਤਰਾ) ਘਟਦੀ ਹੈ ਤੇ ਇਹ ਕਮਜ਼ੋਰ ਹੋ ਜਾਂਦੀਆਂ ਹਨ। ਇਹ ਸਮੱਸਿਆ ਮੁੱਖ ਰੂਪ ਵਿੱਚ ਔਰਤਾਂ ਵਿੱਚ ਹੁੰਦੀ ਹੈ, ਕੁਝ ਫੀ ਸਦੀ ਮਰਦ ਵੀ ਇਸ ਦੀ ਲਪੇਟ ਵਿੱਚ ਆਉਂਦੇ ਹਨ।

ਇਸ ਦੀਆਂ ਮੁੱਖ ਅਲਾਮਤਾਂ ਹਨ-ਪਿੱਠ ਵਿਚ ਦਰਦ, ਕੁੱਬ ਨਿਕਲ ਆਉਣਾ, ਕੁਝ ਸਮਾਂ ਪਾ ਕੇ ਕੱਦ ਘਟ ਜਾਣਾ, ਰੀੜ੍ਹ ਦੀ ਹੱਡੀ ਤੇ ਮਣਕੇ ਫਿੱਸ ਜਾਣੇ ਅਤੇ ਗੁੱਟ, ਚੂਲੇ ਜਾਂ ਹੋਰ ਜੋੜਾਂ ਦੀਆਂ ਹੱਡੀਆਂ ਟੁੱਟ ਸਕਦੀਆਂ ਹਨ। ਸਾਧਾਰਨ ਹੱਡੀ ਨੂੰ ਦੇਖੀਏ ਤਾਂ ਇਹ ਅੰਦਰੋਂ ਸ਼ਹਿਦ ਦੀ ਮੱਖੀ ਦੇ ਛੱਤੇ ਵਾਂਗ ਦਿੱਸਦੀ ਹੈ। ਓਸਟੀਓਪੋਰੋਸਿਸ ਵਾਲੀ ਹੱਡੀ, ਅੰਦਰੋਂ ਬਹੁਤ ਜ਼ਿਆਦਾ ਖਾਲੀ ਖਾਲੀ ਹੋ ਜਾਂਦੀ ਹੈ।

ਹੱਡੀ ਦੇ ਅੰਦਰ ਨਿਰੰਤਰ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਨਵੀਂ ਬਣਦੀ ਰਹਿੰਦੀ ਹੈ ਤੇ ਪੁਰਾਣੀ ਹੱਡੀ ਖੁਰਦੀ ਰਹਿੰਦੀ ਹੈ। ਇਸ ਵਿਧੀ ਨੂੰ ਰੌਮਾਡਲਿੰਗ ਕਿਹਾ ਜਾਂਦਾ ਹੈ ਜਿਸ ਦਾ ਇਕ ਚੱਕਰ ਦੋ ਤੋਂ ਤਿੰਨ ਮਹੀਨਿਆਂ ਵਿੱਚ ਪੂਰਾ ਹੁੰਦਾ ਹੈ। ਨਵੀਂ ਹੱਡੀ ਬਣਨ ਦਾ ਕੰਮ ਪੁਰਾਣੀ ਦੇ ਖੁਰਨ ਨਾਲੋਂ ਤੇਜ਼ ਹੁੰਦਾ ਹੈ। ਇਸ ਲਈ ਹੱਡੀਆਂ ਦਾ ਆਕਾਰ ਤੇ ਘਣਤਾ ਵਧਦੀ ਜਾਂਦੀ ਹੈ। ਇਸ ਰੌਮ੍ਹਾਡਲਿੰਗ ਦਾ ਸਿਖਰ 30-35 ਸਾਲ ਦੀ ਉਮਰ ਵਿੱਚ ਹੁੰਦਾ ਹੈ। ਇਸ ਤੋਂ ਬਾਅਦ ਹੱਡੀਆਂ ਦਾ ਖੁਰਨਾ ਵਧੇਰੇ ਤੇ ਬਣਨਾ ਘਟ ਜਾਂਦਾ ਹੈ। ਔਰਤਾਂ ਵਿੱਚ ਮਾਹਵਾਰੀ ਬੰਦ ਹੋ ਜਾਣ (ਮੈਨੋਪਾਜ਼) ਵੇਲੇ ਜਦੋਂ ਔਰਤਾਂ ਵਾਲੇ ਹਾਰਮੋਨ (ਈਸਟਰੋਜਨ) ਘਟ ਜਾਂਦੇ ਹਨ ਤਾਂ ਹੱਡੀਆਂ ਦੇ ਖੁਰਨ ਵਿੱਚ ਅਚਾਨਕ ਵਾਧਾ ਹੋ ਜਾਂਦਾ ਹੈ। ਔਰਤਾਂ ਵਿੱਚ ਮੈਨੋਪਾਜ਼ ਵੇਲੇ ਈਸਟਰੋਜਨ ਹਾਰਮੋਨ ਦਾ ਘਟਣਾ ਮੁੱਖ ਕਾਰਨ ਹੈ। ਹੱਡੀਆਂ ਦਾ ਖੁਰਨਾ ਇਸ ਗੱਲ ਤੇ ਵੀ ਨਿਰਭਰ ਕਰਦਾ ਹੈ ਕਿ 30-35 ਸਾਲ ਦੀ ਉਮਰ ਵਿੱਚ ਜਦ ਇਨ੍ਹਾਂ ਦਾ ਬਣਨਾ ਸਿਖਰ ਤੇ ਸੀ ਉਦੋਂ ਕਿੰਨੀਆਂ ਕੁ ਹੱਡੀਆਂ ਬਣੀਆਂ ਹਨ ਜਾ ਇਹ ਕਹਿ ਲਈਏ ਕਿ ਹੱਡੀਆਂ ਦੇ ਬੈਂਕ ਵਿਚ ਵਿਟਾਮਿਨ ਡੀ, ਕੈਲਸ਼ੀਅਮ, ਫਾਸਫੋਰਸ ਤੇ ਹੋਰ ਖਣਿਜਾਂ ਦੇ ਰੂਪ ਵਿੱਚ ਕਿੰਨਾ ਕੁ ਮਾਲ ਜਮ੍ਹਾ ਹੋਇਆ।

ਓਸਟੀਓਪੋਰੋਸਿਸ ਕਰਕੇ ਹੱਡੀ ਟੁੱਟਣ (ਫਰੈਕਚਰ) ਦੀ ਦਰ, ਔਰਤਾਂ ਵਿੱਚ ਮਰਦਾਂ ਨਾਲੋਂ ਦੁਗਣੀ ਹੈ। ਮਰਦਾਂ ਵਿੱਚ 75 ਸਾਲ ਤੋਂ ਉੱਪਰ ਦੀ ਉਮਰੇ ਇਹ ਖ਼ਤਰਾ ਵਧਦਾ ਹੈ ਜਦੋਂ ਕਿ ਔਰਤਾਂ ਵਿੱਚ 45-50 ਸਾਲ ਤੋਂ ਬਾਅਦ ਹੀ ਇਸ ਦਾ ਰਿਸਕ ਵਧ ਜਾਂਦਾ ਹੈ। ਦੱਖਣ ਪੂਰਬੀ ਏਸ਼ੀਆ ਵਾਲੇ ਲੋਕਾਂ ਅਤੇ ਗੋਰਿਆਂ ਵਿੱਚ ਕਾਲੇ ਤੇ ਦੂਜੇ ਖੇਤਰਾਂ ਦੇ ਰਹਿਣ ਵਾਲਿਆਂ ਨਾਲੋਂ ਵਧੇਰੇ ਰਹਿੰਦਾ ਹੈ।

ਜਿਨ੍ਹਾਂ ਲੋਕਾਂ ਨੂੰ ਓਸਟੀਓਪੋਰੋਸਿਸ ਦੀ ਬਿਮਾਰੀ ਹੈ ਉਹ ਆਪਣਾ ਜਿਊਣ ਦਾ ਢੰਗ ਬਦਲ ਕੇ ਅਤੇ ਕੁਝ ਦਵਾਈਆਂ ਦੀ ਵਰਤੋਂ ਕਰ ਕੇ ਇਸ ਦੇ ਖਤਰੇ ਨੂੰ ਘਟਾ ਸਕਦੇ ਹਨ। ਜਿਊਣ ਦਾ ਢੰਗ, ਭੋਜਨ ਵਿੱਚ ਕੈਲਸ਼ੀਅਮ, ਬਾਈ ਫਾਸਫੋਨੇਟ ਤੇ ਵਿਟਾਮਿਨ ਡੀ ਵਾਲੇ ਤੱਤ ਸ਼ਾਮਿਲ ਕਰ ਕੇ ਅਤੇ ਵਰਜ਼ਿਸ਼ ਨਾਲ ਬਦਲਿਆ ਜਾ ਸਕਦਾ ਹੈ। ਦੁੱਧ ਚੁੰਘਾਉਂਦੀਆਂ ਮਾਵਾਂ ਦੀਆਂ ਹੱਡੀਆਂ ਦੀ ਘਣਤਾ (ਬੋਨ ਡੈਨਸਿਟੀ) ਆਰਜ਼ੀ ਤੌਰ ਤੇ ਘਟ ਜਾਂਦੀ ਹੈ ਪਰ ਦੁੱਧ ਛੁਡਾਉਣ ਤੋਂ ਛੇ ਮਹੀਨਿਆਂ ਦੇ ਅੰਦਰ ਅੰਦਰ ਸਭ ਪੂਰੀ ਤਰ੍ਹਾਂ ਪਹਿਲਾਂ ਵਰਗਾ ਹੋ ਜਾਂਦਾ ਹੈ ਤੇ ਬੋਨ ਡੈਨਸਿਟੀ ਆਪਣੇ ਸਹੀ ਪੱਧਰ ਤੇ ਆ ਜਾਂਦੀ ਹੈ।

ਇਸ ਰੋਗ ਤੋਂ ਬਚਣ ਲਈ ਹੱਡੀਆਂ ਨੂੰ ਤਾਕਤਵਾਰ ਬਣਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਬਚਪਨ ਤੇ ਕਿਸ਼ੋਰ ਅਵਸਥਾ ਦੌਰਾਨ ਕੀਤਾ ਹੋਇਆ ਇਹ ਯਤਨ ਬਾਅਦ ਵਿੱਚ ਓਸਟੀਓਪੋਰੋਸਿਸ ਤੋਂ ਬਚਣ ਦਾ ਸਭ ਤੋਂ ਵਧੀਆਂ ਢੰਗ ਹੈ ਕਿਉਂਕਿ ਜਿਵੇਂ ਜਿਵੇਂ ਉਮਰ ਵਧਦੀ ਜਾਂਦੀ ਹੈ ਓਨੀ ਤੇਜ਼ੀ ਨਾਲ ਹੱਡੀਆਂ ਦੀ ਮਜ਼ਬੂਤੀ ਨਹੀਂ ਵਧਦੀ। ਫਿਰ ਵੀ ਜੇ ਕੁਝ ਸਾਵਧਾਨੀਆਂ ਵਰਤੀਆਂ ਜਾਣ ਤਾਂ ਵਧਦੀ ਉਮਰ ਨਾਲ ਹੱਡੀਆਂ ਦੇ ਖੁਰਨ ਜਾ ਇਸ ਦੀ ਗਤੀ ਨੂੰ ਘਟਾਇਆ ਜਾ ਸਕਦਾ ਹੈ।

ਰੋਜ਼ਾਨਾ ਕੈਲਸ਼ੀਅਮ ਲਓ। ਹੱਡੀਆਂ ਨੂੰ ਠੀਕ ਠਾਕ ਰੱਖਣ ਵਾਸਤੇ ਕੈਲਸ਼ੀਆਂ ਦੀ ਲੋੜ ਹੁੰਦੀ ਹੈ। ਸੋ, ਭੋਜਨ ਵਿੱਚ ਲੋੜੀਂਦੀ ਮਾਤਰਾ ਚ ਕੈਲਸ਼ੀਅਮ ਹੋਣਾ ਚਾਹੀਦਾ ਹੈ ਜਾਂ ਫਿਰ ਕੈਲਸ਼ੀਅਮ ਦੀਆਂ ਗੋਲੀਆਂ ਖਾਓ। 9 ਤੋਂ 18 ਸਾਲ ਦੀ ਉਮਰ ਵਿੱਚ ਰੋਜ਼ਾਨਾ 1300 ਮਿਲੀਗ੍ਰਾਮ, 19 ਤੋਂ 50 ਸਾਲ ਵਾਲਿਆਂ ਲਈ 1000 ਮਿਲੀਗ੍ਰਾਮ ਅਤੇ 51 ਸਾਲ ਤੋਂ ਬਾਅਦ ਰੋਜ਼ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਜ਼ਰੂਰਤ ਹੁੰਦੀ ਹੈ। ਗਰਭਵਤੀਆਂ ਦੀ ਜ਼ਰੂਰਤ ਉਕਤ ਅਨੁਸਾਰ ਹੀ ਹੈ ਜਾਂ ਇਸ ਤੋਂ ਕੁਝ ਵਧੇਰੇ ਲੈ ਸਕਦੀਆਂ ਹਨ । ਦਹੀਂ (ਮਲਾਈ ਤੋਂ ਬਿਨਾਂ) ਦੇ ਇੱਕ ਕੱਪ ਵਿੱਚ 450 ਮਿਲੀਗ੍ਰਾਮ ਅਤੇ ਦੁੱਧ ਦੇ ਇੱਕ ਕੱਪ ਵਿੱਚ 205-360 ਮਿਲੀਗ੍ਰਾਮ ਕੈਲਸ਼ੀਅਮ ਹੁੰਦਾ ਹੈ। ਇਸ ਤੋਂ ਇਲਾਵਾ ਪਾਲਕ ਦੇ ਪਰੌਂਠੇ, ਪੀਜਾ, ਪਕੌੜੇ, ਤੇ ਪਨੀਰ, ਦੁੱਧ ਤੇ ਸੋਇਆਬੀਨ ਵਿੱਚ ਵੀ ਕਾਫੀ ਮਾਤਰਾ ਵਿਚ ਕੈਲਸ਼ੀਅਮ ਹੁੰਦਾ ਹੈ।

ਵਿਟਾਮਿਨ'ਡੀ'ਨਿਯਮਤ ਲਓ। ਇਹ ਵਿਟਾਮਿਨ ਭੋਜਨ

ਬਾਕੀ ਸਫ਼ਾ 24'ਤੇ.....

ਕਹਾਣੀ

ਚਰਨਜੀਤ ਸਿੰਘ ਕਤਰਾ
ਸਹੌੜਾਂ

ਧੁੰਦ 'ਚ ਲੋਅ

ਛਿੰਦੋ ਆਪਣੇ ਬਿਸਤਰੇ ਵਿੱਚੋਂ ਉੱਠੀ, ਜ਼ਿੰਦਗੀ ਔਰ ਮੌਤ ਵਿਚਕਾਰ ਖਲੋਤੀ, ਆਲੇਦੁਆਲੇ ਘਰ ਦੇ ਨਿਗ੍ਹਾ ਮਾਰਦੀ, ਕਿਸੇ ਘਰ ਵਾਲੇ ਮੈਂਬਰ ਦੇ ਨਾ ਜਾਗਦਾ ਹੋਣ ਨੂੰ ਦੇਖਦੀ, ਦੱਬੇ ਪੈਰੀਂ ਘਰ ਤੋਂ ਬਾਹਰ ਨਿਕਲ ਗਈ। ਬਾਹਰ ਰਾਤ ਸੁੰਨ-ਮਸਾਨ ਕਬਰਾਂ ਵਾਂਗੂੰ ਚੁੱਪ ਸੀ। ਕਿਸੇ ਮੁਟਿਆਰ ਦੀਆਂ ਜੁਲਫਾਂ ਵਰਗਾ ਘੁਪ ਹਨੇਰਾ ਚੀਰਦੀ ਤੁਰੀ ਜਾ ਰਹੀ ਸੀ।

ਕੀ ਹੈ ਜ਼ਿੰਦਗੀ, ਕੁੱਤਿਆਂ ਕਮੀਨਿਆਂ ਵਾਂਗ ਦੁਰਕਾਰੀ ਜਾਣ ਵਾਲੀ। ਅਜਿਹੀ ਜ਼ਿੰਦਗੀ ਤੋਂ ਮਰਨਾ ਸੌ ਦਰਜੇ ਚੰਗਾ। ਉਹ ਸੋਚਦੀ ਬਾਹਰ ਖੇਤਾਂ ਵਾਲੀ ਪਗਡੰਡੀ ਪੈ ਗਈ। ਰੱਬਾ ਇੱਥੇ ਕੀ ਇਨਸਾਫ਼ ਹੈ? ਕੀ ਨਿਆਂ ਹੈ? ਪਿਆਰ-ਮੁਹੱਬਤ ਕਰਨਾ ਕੋਈ ਜ਼ੁਰਮ ਹੈ, ਗੁਨਾਹ ਹੈ? ਤੂੰ ਵੀ ਤਾਂ ਸਭ ਨੂੰ ਪਿਆਰ ਕਰਨ ਦਾ ਪਾਠ ਹੀ ਪੜ੍ਹਾਉਂਦਾ ਏਂ ਤੇ ਜੇ ਮੈਂ ਪਿਆਰ ਕਰਨ ਲਗ ਪਈ ਤਾਂ ਕੀ ਆਫ਼ਤ ਆ ਗਈ? ਮੇਰੇ ਰੱਬਾ, ਮੇਰੇ ਬਾਝੋਂ ਕਿਹੜਾ ਇਹ ਸੰਸਾਰ ਸੁੰਨਾਂ ਰਹਿ ਜਾਣਾ ਤਾਂ, ਮੈਨੂੰ ਕਿਉ ਭੇਜਿਆ ਅਜਿਹੇ ਸੰਸਾਰ ਵਿੱਚ। ਮੇਰੇ ਇੱਥੇ ਨਾ ਆਉਣ ਨਾਲ ਕਿਆ ਸਿਸ਼ਟੀ ਰੁਕ ਜਾਣੀ ਤੀ। ਮੇਰੇ ਬਾਪੂ ਨੂੰ ਇਹ ਨੀ ਤਾਂ ਕਹਿਣਾ ਪੈਣਾ ਕਿ ਜੇ ਮੈਨੂੰ ਪਤਾ ਹੁੰਦਾ ਤੈਂ ਅਜਿਹੇ ਫੰਗ ਖਿਲਾਰਨੇ, ਮੈਂ ਜੰਮਦੀ ਨੂੰ ਗਲ ਗੂਠਾ ਦੇ ਦਿੰਦਾ। ਬੱਸ, ਹੁਣ ਮੌਤ ਹੀ ਮੈਨੂੰ ਤੇ ਮੇਰੇ ਬਾਪ ਨੂੰ ਸ਼ਾਂਤੀ ਦੁਆ ਸਕਦੀ ਐ। ਸਭ ਦੁਖਾਂ-ਤਕਲੀਫ਼ਾਂ ਤੇ ਗ਼ਮਾਂ ਤੋਂ ਲਾਂਭੇ ਕਰ ਸਕਦੀ ਹੈ। ਛਿੰਦੋ ਆਪਣੇ-ਆਪ ਨੂੰ ਤੇ ਰੱਬ ਨੂੰ ਕੋਸਦੀ ਤੁਰੀ ਜਾ ਰਹੀ ਸੀ।

ਮੌਤ ਕਿੰਨੀ ਚੰਗੀ ਹੋਵੇਗੀ, ਨਾ ਰੋਜ਼ ਬਾਪੂ ਦੀਆਂ ਝਿੜਕਾਂ, ਨਾ ਖੱਪ ਖੱਪ ਤੇ ਨਾ ਮਾਂ ਦੀਆਂ ਨਸੀਹਤਾਂ। ਨਾ ਹੀ ਪਿਆਰੇ ਜੱਗੀ ਨੂੰ ਨਾ ਮਿਲ ਸਕਣ ਦਾ ਗ਼ਮ ਤੇ ਨਾ ਹੀ ਮਿਲਣ ਦੀ ਚਿੰਤਾ। ਸਭ ਪ੍ਰੇਸ਼ਾਨੀਆਂ ਤੋਂ ਨਿਜਾਤ। ਉਹ ਅੱਜ ਸਾਰੇ ਸ਼ਿਕਵੇ ਸ਼ਿਕਾਇਤਾਂ ਦੁੱਖ ਤਕਲੀਫ਼ਾਂ ਦਾ ਜ਼ਹਿਰ ਪੀ ਜਾਣਾ ਚਾਹੁੰਦੀ ਹੈ। ਜ਼ਿੰਦਗੀ ਦੇ ਸਾਰੇ ਗ਼ਮਾਂ ਨੂੰ ਮੌਤ ਦੇ ਪੱਲੇ ਨਾਲ ਬੰਨ੍ਹ ਪਰੇ ਸੁੱਟ ਦੇਣਾ ਚਾਹੁੰਦੀ ਹੈ।

ਉਹ ਸੋਚਦੀ-ਸੋਚਦੀ ਕਦੇ ਕਦਮ ਤੇਜ਼ ਕਰ ਲੈਂਦੀ ਕਦੇ ਤੋਰ ਹੌਲ਼ੀ ਕਰ ਲੈਂਦੀ, ਕਦੇ-ਕਦੇ ਉਸ ਨੂੰ ਭੁਲੇਖਾ ਪੈਂਦਾ ਜਿਵੇਂ ਕੋਈ ਪਿੱਛੇ ਆ ਰਿਹਾ ਹੈ, ਉਹ ਮੁੜ ਮੁੜ ਦੇਖਦੀ, ਆਲੇ-ਦੁਆਲੇ ਵੀ ਗ਼ੌਰ ਰਖਦੀ ਤੁਰੀ ਜਾ ਰਹੀ ਸੀ। ਛਿੰਦੋ ਬਾਪੂ ਬਾਰੇ ਸੋਚਦੀ, ਕੀ ਐ ਮੇਰਾ ਬਾਪੂ ਵੀ, ਇੱਕ ਜਾਹਲ ਗੁੱਸੇ ਦੀ ਲਾਟ। ਉਹ ਪਹਿਲਾਂ ਤਾਂ ਝਿੜਕਾਂ ਮਾਰ ਕੇ ਛੱਡ ਦਿੰਦਾ ਸੀ। ਮਾਂ ਨੂੰ ਗੁੱਸੇ ਹੁੰਦਾ, ਮੇਰੇ 'ਤੇ ਨਜ਼ਰ ਰੱਖਣ ਲਈ ਕਹਿੰਦਾ ਰਹਿੰਦਾ ਪਰ ਅੱਜ ਤਾਂ ਮੈਨੂੰ ਬਿਨਾਂ ਕਸੂਰ ਤੋਂ ਹੀ ਭੰਨ ਸੁੱਟਿਆ। ਮੈਂ ਤਾਂ ਅੱਜ ਘਰ ਤੋਂ ਬਾਹਰ ਕਿਤੇ ਗਈ ਹੀ ਨਹੀਂ, ਜੱਗੀ ਤਾਂ ਕਈ ਦਿਨਾਂ ਤੋਂ ਰਿਸ਼ਤੇਦਾਰੀ ਵਿੱਚ ਗਿਆ ਹੋਇਆ, ਪਤਾ ਨੀ ਕੀ ਹੋਇਆ, ਬਸ ਬਾਹਰੋਂ ਆ ਮੈਨੂੰ ਗੁੱਤੋਂ ਫੜ ਲਿਆ। ਮਾਂ ਨੇ ਬਥੇਰਾ ਰੋਕਿਆ, ਮੈਨੂੰ ਬਚਾਉਣ ਆਈ ਤਾਂ ਉਸ ਨੂੰ ਝੰਬ ਸੁੱਟਿਆ।

ਰੱਬਾ, ਬਾਪੂ ਨੂੰ ਕੀ ਪਤਾ ਪਿਆਰ-ਮੁਹੱਬਤ ਕੀ ਸ਼ੈ ਹੁੰਦੀ ਐ। ਉਸ ਨੂੰ ਕੀ ਪਤਾ ਦਿਲ ਆਪਣੇ ਪਿਆਰੇ ਦੇ ਵਿਛੋੜੇ ਵਿੱਚ ਕਿਵੇਂ ਤੜਫ਼ਦਾ, ਵਿਲਕਦਾ ਐ। ਜੇ ਉਸ ਨੇ ਕਦੇ ਕਿਸੇ ਨੂੰ ਪਿਆਰ ਕੀਤਾ ਹੁੰਦਾ ਤਾਂ ਉਸ ਨੂੰ ਪਤਾ ਹੁੰਦਾ, ਉਸ ਨੇ ਤਾਂ ਕਦੇ ਮਾਂ ਨੂੰ ਵੀ ਪਿਆਰ ਨੀ ਕੀਤਾ। ਹਰ ਵਕਤ ਉਸ ਦੇ ਮੂੰਹ ਵਿੱਚੋਂ ਅੱਗ ਨਿਕਲਦੀ ਐ। ਅੱਖਾਂ ਵਿੱਚ ਹਰ ਵਕਤ ਗੁੱਸੇ ਦੀ ਜੁਆਲਾ ਲਟ-ਲਟ ਬਲਦੀ ਰਹਿੰਦੀ ਐ। ਬਾਪੂ! ਕਾਸ਼ ਤੂੰ ਮੈਨੂੰ ਸਮਝ ਸਕਦਾ, ਮੇਰੀ ਹਾਲਤ ਦਾ ਤੈਨੂੰ ਗਿਆਨ ਹੁੰਦਾ, ਮੈਂ ਇਸ ਤਰ੍ਹਾਂ ਭਟਕਦੀ ਨਾ, ਮੌਤ ਨੂੰ ਸਾਥੀ ਬਣਾਉਣਾ ਨਾ ਲੋਚਦੀ, ਪਰ ਹੁਣ ਤਾਂ ਬਾਪੂ....।

ਉਸ ਨੂੰ ਰੇਲਗੱਡੀ ਦੀ ਆਵਾਜ਼ ਸੁਣਾਈ ਦਿੱਤੀ। ਹੈਂ, ਇਹ ਗੱਡੀ ਵੀ ਮੈਨੂੰ ਧੋਖਾ ਦੇ ਗਈ। ਇਹ ਥੋੜ੍ਹਾ ਜਿਹਾ ਹੋਰ ਲੇਟ ਨਹੀਂ ਸੀ ਆ ਸਕਦੀ? ਚਲੋ, ਘੰਟੇ ਕੁ ਤੱਕ ਮਾਲ ਗੱਡੀ ਆਜੂ, ਉਦੋਂ ਤੱਕ ਇੰਤਜ਼ਾਰ ਕਰਨਾ ਪਊ ਪਰ ਜ਼ਰੂਰੀ ਤਾਂ ਨੀ ਗੱਡੀ ਦੀ ਹੀ ਉਡੀਕ ਕਰਾਂ, ਔਹ ਤਾਨੀ ਦਾ ਖੂਹ ਸਾਹਮਣੇ....। ਚਲੋ, ਮੌਤ ਨੂੰ ਹੀ ਮਿਲਣਾ, ਖੂਹ ਈ ਸਈ, ਨਾਲੇ ਜਿੰਨਾਂ ਛੇਤੀ ਕੰਮ ਹੋ ਜਾਏ ਓਨਾ ਠੀਕ ਐ ਤੇ ਛਿੰਦੋ ਖੂਹ ਵੱਲ ਤੁਰ ਪਈ।

ਕੱਲ੍ਹ ਨੂੰ ਰੌਲ਼ਾ ਪੈ ਜਾਣਾ ਸਭ ਪਾਸੇ, ਖੱਬਿਆਂ ਦੀ ਧੀ ਛਿੰਦੋ ਨੇ ਖੂਹ 'ਚ ਛਾਲ ਮਾਰ ਖ਼ੁਦਕੁਸ਼ੀ ਕਰ ਲਈ। ਜਿਵੇਂ ਜਗੀਰੇ ਦੀ ਧੀ ਪ੍ਰੀਤੋ ਦਰਜੀਆਂ ਦੇ ਮੁੰਡੇ ਨਾਲ ਭੱਜਣ 'ਤੇ ਰੌਲ਼ਾ ਪਿਆ ਤੀ। ਬਹੁਤ ਥੂ-ਥੂ ਹੋਈ ਤੀ ਜਗੀਰੇ ਦੀ। ਜਗੀਰੇ ਨੇ ਧੀ ਨੂੰ ਲੱਭਣ ਦੀ ਬਹੁਤ ਨੱਠ-ਭੱਜ ਕੀਤੀ ਸੀ ਪਰ ਧੀ ਤਾਂ ਨਹੀ ਸੀ ਮਿਲੀ, ਪਰ ਨਮੋਸ਼ੀ ਦੇ ਮਾਰੇ ਜਗੀਰੇ ਦੀ ਲਾਸ਼ ਨਹਿਰ 'ਚੋਂ ਮਿਲੀ ਤੀ। ਇਹ ਸਭ ਕੁੱਝ ਦੇਖ ਕੇ ਜਗੀਰੇ ਦੀ ਘਰਵਾਲੀ ਪਾਗ਼ਲ ਹੋ ਗਈ ਤੀ। ਕਦੇ ਰੋਣ ਲਗਦੀ, ਕਦੇ ਹੱਸਣ ਲਗਦੀ। ਬੱਚੇ ਪਾਗ਼ਲ-ਪਾਗ਼ਲ ਕਹਿ ਮਗਰ ਭੱਜਦੇ। ਉਹ ਵੀ ਬੱਚਿਆਂ ਦੇ ਪਿੱਛੇ ਪੈ ਜਾਂਦੀ, ਕਦੇ ਹੱਸਦੀ ਕਦੇ ਰੋਂਦੀ। ਛਿੰਦੋ ਇਹ ਸੋਚਦੀ ਖੂਹ ਕੋਲ ਪਹੁੰਚ ਗਈ, ਐਧਰ-ਉੱਧਰ ਵੇਖਿਆ ਕੋਈ ਨਹੀਂ ਸੀ ਤੇ ਉਸ ਨੇ ਮੌਣ 'ਤੇ ਖੜ੍ਹ ਖੂਹ 'ਚ ਵੇਖਿਆ, ਪਾਣੀ ਸ਼ਾਂਤ ਸੀ, ਉਹ ਛਾਲ ਮਾਰਨ ਹੀ ਲੱਗੀ ਸੀ ਕਿ ਪਾਣੀ ਵਿੱਚ ਉਸ ਨੂੰ ਆਪਣੀ ਮਾਂ ਦਾ ਚਿਹਰਾ ਦਿਸਿਆ, ਕੱਪੜੇ ਪਾਟੇ ਹੋਏ, ਵਾਲ ਖਿਲਰੇ ਹੋਏ, ਉਹ ਪਾਗ਼ਲਾਂ ਵਾਂਗ ਭੱਜੀ ਫਿਰਦੀ, ਬੱਚੇ ਪਾਗ਼ਲ-ਪਾਗ਼ਲ ਕਹਿ ਪਿੱਛੇ ਦੌੜੇ ਫਿਰਦੇ। ਛਿੰਦੋ ਦੇਖ ਕੇ ਸੁੰਨ ਹੋ ਗਈ ਕਿ ਜੇਕਰ ਵਿਚਾਰੀ ਮਾਂ ਇੰਜ ਹੀ ਹੋ ਗਈ, ਬਾਪੂ ਲੋਕਾਂ ਦੀਆਂ ਗੱਲਾਂ ਨਾ ਸਹਾਰਦਾ ਲਾਸ਼ ਬਣ ਗਿਆ। ਮੇਰੀ ਭੈਣ, ਛੋਟਾ ਭਰਾ...। ਇਹ ਸੋਚ ਛਿੰਦੋ ਕੰਬ ਗਈ ਤੇ ਮੌਣ ਤੋਂ ਉੱਤਰ ਕੇ ਸੋਚਣ ਲੱਗੀ ਕਿ ਮੈਂ

ਕਿਤੇ ਗ਼ਲਤੀ ਤਾਂ ਨੀ ਕਰਨ ਲੱਗੀ। ਹਾਂ, ਮੈਨੂੰ ਇੰਜ ਨਹੀਂ ਕਰਨਾ ਚਾਹੀਦਾ, ਨਹੀਂ ਮੈਂ ਮਰਾਂਗੀ ਨਹੀਂ। ਪਿਆਰ ਪਿੱਛੇ ਆਪਣੇ ਪਰਿਵਾਰ ਦੀ ਇਜ਼ਤ....। ਛਿੰਦੋ ਭਾਵੁਕ ਹੋ ਇਹ ਸੋਚਦੀ ਛੇਤੀਂ ਨਾਲ ਘਰ ਨੂੰ ਮੁੜ ਗਈ।

❊ ❊ ❊ ❊ ❊

.....ਸਫ਼ਾ 22 ਦੀ ਬਾਕੀ

ਵਿਚਲੇ ਕੈਲਸ਼ੀਅਮ ਨੂੰ ਜਜ਼ਬ ਕਰਨ ਵਿੱਚ ਸਹਾਈ ਹੁੰਦਾ ਹੈ। ਸੂਰਜ ਦੀ ਲੋਅ ਨਾਲ ਇਹ ਚਮੜੀ 'ਚੋਂ ਪੈਦਾ ਹੁੰਦਾ ਹੈ। ਹਫਤੇ ਵਿੱਚ ਤਕਰੀਬਨ ਤਿੰਨ ਵਾਰ 10 ਤੋਂ 15 ਮਿੰਟ ਹੱਥਾਂ, ਬਾਹਵਾਂ ਤੇ ਚਿਹਰੇ ਨੂੰ ਸੂਰਜ ਦੀ ਰੋਸ਼ਨੀ ਪੈਣ ਨਾਲ ਲੋੜੀਦੀ ਮਾਤਰਾ ਵਿੱਚ ਇਹ ਵਿਟਾਮਿਨ ਮਿਲ ਜਾਂਦਾ ਹੈ। ਜ਼ਿਆਦਾ ਸਮਾਂ ਧੁੱਪ ਵਿਚ ਰਹਿਣਾ ਹੋਵੇ ਜਾਂ ਰਹਿਣਾ ਪਵੇ ਤਾਂ ਸੰਨ ਸਕਰੀਨ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ ਕਿਉਂਕਿ ਸੂਰਜ ਦੀਆਂ ਪਰਾਵੈਂਗਣੀ ਕਿਰਨਾਂ ਦਾ ਖਤਰਾ ਵੀ ਹੁੰਦਾ ਹੈ। ਮਾਸਾਹਾਰੀਆਂ ਵਾਸਤੇ ਮੱਛੀ ਦਾ ਤੇਲ, ਮੱਛੀ, ਜਿਗਰ, ਅੰਡਾ ਅਤੇ ਸ਼ਾਕਾਹਾਰੀਆਂ ਵਾਸਤੇ ਭੋਜਨ ਵਿੱਚ ਦੁੱਧ ਅਤੇ ਵਨਸਪਤੀ ਘਿਓ, ਪਨੀਰ ਆਦਿ ਵਿਟਾਮਿਨ ਡੀ ਦੇ ਸੋਮੇ ਹਨ।

ਸੰਤੁਲਿਤ, ਪੌਸ਼ਟਿਕ ਤੇ ਸ਼ੁੱਧ ਭੋਜਨ ਖਾਓ ਜਿਨ੍ਹਾਂ ਵਿੱਚ ਕੈਲਸ਼ੀਅਮ ਤੇ ਵਿਟਾਮਿਨ ਡੀ ਤੋਂ ਇਲਾਵਾ ਬਾਕੀ ਖੁਰਾਕੀ ਤੱਤ ਜਿਵੇਂ ਜਿੰਕ, ਮੈਗਨੀਸ਼ੀਅਮ, ਵਿਟਾਮਿਨ ਹੁੰਦੇ ਹਨ। ਦੁੱਧ, ਦਹੀਂ, ਹਰੀਆਂ ਪੱਤੇਦਾਰ ਸਬਜ਼ੀਆਂ, ਮਟਰ, ਬੀਨਜ਼, ਬ੍ਰੋਕਲੀ, ਸੰਤਰਾ, ਮੱਛੀ ਅਤੇ ਚਿਕਨ ਆਦਿ ਲਾਹੇਵੰਦ ਹਨ।

ਇਸ ਦੇ ਨਾਲ ਹੀਂ ਚੁਸਤ- ਫੁਰਤ ਰਹੋ। ਐਕਟਿਵਿਟੀ ਵਿੱਚ ਚੁਸਤ ਰਹਿਣ ਨਾਲ ਹੱਡੀਆਂ ਦਾ ਖੁਰਨਾ ਘਟਦਾ ਹੈ, ਪੱਠਿਆਂ ਦੀ ਤਾਕਤ ਠੀਕ ਰਹਿੰਦੀ ਹੈ। ਥੋੜ੍ਹੀ ਬਹੁਤ ਭਾਰ ਚੁੱਕਣ ਵਾਲੀ ਵਰਜਿਸ਼ ਕਰਦੇ ਰਹੋ ਤੇ ਪੱਠਿਆਂ ਨੂੰ ਹਿਲਜੁੱਲ ਵਿੱਚ ਰੱਖੋ ਜਿਵੇਂ ਤੇਜ਼ ਸੈਰ, ਗਿੱਧਾ, ਭੰਗੜਾ, ਜੋਗਿੰਗ, ਪੌੜੀਆਂ ਚੜ੍ਹਨਾ-ਉਤਰਨਾ, ਟੈਨਿਸ ਖੇਡਣਾ ਅਤੇ ਯੋਗਾ ਆਦਿ।

ਤੰਬਾਕੂਨੋਸ਼ੀ ਨਾਲ ਹੱਡੀਆਂ ਦੇ ਖੁਰਨ ਵਿਚ ਤੇਜ਼ੀ ਆਉਂਦੀ ਹੈ। ਮੈਨੋਪਾਜ਼ ਦੌਰਾਨ ਘਟਿਆ ਹੋਇਆ ਈਸਟਰੋਡਨ ਦਾ ਪੱਧਰ ਸਿਗਰਟਨੋਸ਼ੀ ਨਾਲ ਹੋਰ ਘਟਦਾ ਹੈ। ਇਸ ਲਈ ਜੇ ਸਿਗਰਟਨੋਸ਼ੀ ਕਰਦੇ ਹੋ ਤਾਂ ਬਿਲਕੁਲ ਬੰਦ ਕਰ ਦਿਓ। ਵਿਸਕੀ ਤੋਂ ਪ੍ਰਹੇਜ਼ ਕਰੋ। ਉਂਵ ਤਾਂ ਵਿਸਕੀ ਨੂੰ ਛੱਡ ਦੇਣਾ ਹੀ ਚੰਗਾ ਹੈ ਫਿਰ ਵੀ ਜੇ ਪੀਣੀ ਹੀ ਹੈ ਤਾਂ ਇਕ ਤੋਂ ਵੱਧ ਪੈੱਗ ਨਾ ਲਵੋ। ਇਹ ਕੈਲਸ਼ੀਅਮ ਦੇ ਜਜ਼ਬ ਹੋਣ ਵਿੱਚ ਵਿਘਨ ਪਾਉਂਦੀ ਹੈ।

ਇਹ ਢੰਗ ਅਪਣਾ ਕੇ ਹੱਡੀਆਂ ਦੀਆਂ ਬੀਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

❊ ❊ ❊ ❊ ❊

A Great Philanthropist
Smt. Rao Kaur Saini

Sukhdev Singh Banwait

" Lives of Great men all remind us, We can make our lives sublime, and departing leave behind us, foot prints on the sands of time"

The biography of Smt. Rao Kaur Saini is a living example to illustrate the truth of this verse. She was born in August, 1915 at Village Naura in District Nawashahar in a farmer family. After getting elementary education from her village school she was married in 1927. After five years her husband went to Manila in Philippines. When after six she went to join her husband, he refused to accept her. She had no issue. Disappointed she took shelter of S. Mahan Singh Gahunia, a known businessman of the community in Philippines. Under his guidance she started cloth business and became the leading business woman of the area. She earned lot of money and to fulfil her ambition of serving the poor, purchased a building at East Patel Nagar New Delhi. She started giving donations to schools, aid to widows and digging wells in villages. In 1954 she executed a will to constitute a Trust for the expenditure of her money to help the poor people of her community. She died in 1965. Now " Shrimati Rao Kaur Saini Trust (Regd.)" under the Chairmanship of S. Karamjit Singh Gahunia functions at Delhi for the welfare of needy women and their children. This Trust also publishes a magazine, 'Saini Brotherhood'.

-From Magazine ' Saini Brotherhood'

ਗੁਰਦੁਆਰੇ ਬਣਨ ਮਾਨਵੀ ਸਰੋਕਾਰਾਂ ਦੇ ਕੇਂਦਰ

ਗੁਰਬਿੰਦਰ ਸਿੰਘ ਮਾਣਕ
ਫੋਨ : 98153-56086

ਹਰ ਧਰਮ ਵਿੱਚ ਉਸ ਦੇ ਪੂਜਾ ਅਸਥਾਨ ਦੀ ਵਿਸ਼ੇਸ਼ ਅਹਿਮੀਅਤ ਹੁੰਦੀ ਹੈ। ਗੁਰਦੁਆਰੇ ਦੀ ਇਸ ਕਾਰਨ ਵਿਸ਼ੇਸ਼ ਮਹੱਤਤਾ ਹੈ ਕਿ ਇੱਥੇ ਸਰਬਸਾਂਝੀਵਾਲਤਾ ਤੇ ਮਾਨਵੀ ਕਦਰਾਂ ਕੀਮਤਾਂ ਦੇ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹਨ। ਗੁਰੂ ਗ੍ਰੰਥ ਸਾਹਿਬ ਕਿਉਂਕਿ ਸ਼ਬਦ ਗੁਰੂ ਅਤੇ ਜਗਦੀ ਜੋਤ ਮੰਨਿਆਂ ਜਾਂਦਾ ਹੈ ਇਸ ਕਾਰਨ ਇਸ ਨੂੰ ਗੁਰੂ ਦੀ ਨਿਆਈ ਸ਼ਰਧਾ ਤੇ ਸਤਿਕਾਰ ਨਾਲ ਨਿਵਾਜਿਆ ਜਾਂਦਾ ਹੈ। ਬਹੁਤ ਸਾਰੇ ਲੋਕ ਆਪਣਾ ਨਿੱਤ ਕਰਮ ਸ਼ੁਰੂ ਕਰਨ ਤੋਂ ਪਹਿਲਾਂ ਗੁਰਦੁਆਰੇ ਜਾ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦੇ ਹਨ ਤੇ ਸ਼ਾਮ ਨੂੰ ਵੀ ਇਹੋ ਕਰਮ ਦੁਹਰਾਇਆ ਜਾਂਦਾ ਹੈ। ਸਿੱਖ ਧਰਮ ਵਿੱਚ ਸ਼ਰਧਾ ਰੱਖਣ ਵਾਲੇ ਸ਼ਰਧਾਲੂ, ਜੀਵਨ ਵਿੱਚ ਕਿਸੇ ਵੀ ਵਿਸ਼ੇਸ਼ ਕਾਰਜ ਦੀ ਸ਼ੁਰੂਆਤ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹਨ। ਉਹ ਕਾਰਜ ਦੀ ਸੰਪੂਰਨਤਾ ਹੋਣ 'ਤੇ ਸ਼ੁਕਰਾਨੇ ਵਜੋਂ ਬਾਣੀ ਦੇ ਪਾਠ ਦੇ ਕੀਰਤਨ ਦੀ ਛਹਿਬਰ ਲਾ ਕੇ ਆਪਣੇ ਅਧਿਆਤਮਿਕ ਵਿਸ਼ਵਾਸ ਦਾ ਪ੍ਰਗਟਾਵਾ ਕਰਦੇ ਹਨ।

ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਤੋਂ ਬਿਨਾਂ ਪੰਜਾਬ ਦਾ ਕੋਈ ਅਜਿਹਾ ਪਿੰਡ, ਸ਼ਹਿਰ ਜਾਂ ਕਸਬਾ ਨਹੀਂ ਹੈ ਜਿੱਥੇ ਸ਼ਾਨਦਾਰ ਗੁਰਦੁਆਰਾ ਨਾ ਹੋਵੇ। ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਸਿੱਖ ਧਰਮ ਵਿੱਚ ਆਸਥਾ ਰੱਖਣ ਵਾਲਿਆਂ ਨੇ ਸੁੰਦਰ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਹੈ। ਇਨ੍ਹਾਂ ਗੁਰਦੁਆਰਿਆਂ ਵਿੱਚ ਗੁਰਪੁਰਬ ਮਨਾਏ ਜਾਂਦੇ ਹਨ, ਲੰਗਰ ਲਗਦੇ ਹਨ ਤੇ ਨਗਰ ਕੀਰਤਨ ਨਿਕਲਦੇ ਹਨ।

ਆਮ ਤੌਰ 'ਤੇ ਗੁਰਦੁਆਰਿਆਂ ਵਿੱਚ ਨਿੱਤਨੇਮ ਜਾਂ ਸੰਗਰਾਂਦ ਜਾਂ ਗੁਰਪੁਰਬ ਮਨਾਏ ਜਾਣ ਤੋਂ ਬਗੈਰ ਗੁਰਮਤਿ ਵਿਚਾਰਧਾਰਾ ਦੀਆਂ ਉੱਚੀਆਂ-ਸੁੱਚੀਆਂ ਮਾਨਵੀ ਕਦਰਾਂ-ਕੀਮਤਾਂ ਦੇ ਪ੍ਰਚਾਰ-ਪ੍ਰਸਾਰ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਜਾਂਦਾ। ਬਹੁਤੇ ਗ੍ਰੰਥੀ ਤਾਂ ਰੋਜ਼ਾਨਾਂ ਦੀਆਂ ਰਸਮਾਂ ਨਿਭਾਅ ਕੇ ਸੁਰਖੁਰੂ ਹੋ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਕੇਵਲ ਅਧਿਆਤਮਿਕ ਗ੍ਰੰਥ ਹੀ ਨਹੀਂ ਸਗੋਂ ਇਹ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਸਰੋਕਾਰਾਂ ਨੂੰ ਵੀ ਭਰਵੇਂ ਰੂਪ ਵਿੱਚ ਆਪਣੇ ਕਲੇਵਰ ਵਿੱਚ ਸਮੋਈ ਬੈਠਾ ਹੈ। ਅਸਲ ਅਰਥਾਂ ਵਿੱਚ ਗੁਰਬਾਣੀ ਸੰਪੂਰਨ ਜੀਵਨ-ਜਾਚ ਹੈ। ਹਰ ਗ੍ਰੰਥੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੀਆਂ ਭਾਸ਼ਾਵਾਂ ਦੀ ਸਮਝ ਹੋਣੀ ਜ਼ਰੂਰੀ ਹੈ। ਗੁਰਬਾਣੀ ਵਿਆਕਰਣ ਦੀ ਸਹੀ ਸਮਝ ਤੋਂ ਬਿਨਾਂ ਤਾਂ ਸ਼ਬਦਾਂ ਦਾ ਠੀਕ ਉਚਾਰਣ ਕਰਨਾ ਵੀ ਮੁਸ਼ਕਲ ਹੈ। ਇਸ ਲਈ ਪਾਠੀ ਸਾਹਿਬਾਨ ਲਈ ਵੀ ਕੋਈ ਘੱਟੋ-ਘੱਟ ਯੋਗਤਾ ਨਿਸ਼ਚਤ ਹੋਣੀ ਚਾਹੀਦੀ ਹੈ। ਸਿੱਖ ਸਮਾਜ ਨੂੰ ਵੀ ਚਾਹੀਦਾ ਹੈ ਕਿ ਪਾਠੀ ਸਾਹਿਬਾਨ ਨੂੰ ਸਮੇਂ ਦੇ ਅਨੁਸਾਰ ਢੁਕਵੀਂ ਭੇਟਾ ਦੇ ਕੇ ਨਿਵਾਜਿਆ ਜਾਵੇ।

ਗੁਰਮਤਿ ਦੀ ਸਰਬਸਾਂਝੀਵਾਲਤਾ ਦੀ ਵਿਚਾਰਧਾਰਾ ਦੇ ਉਲਟ ਅੱਜ ਵੀ ਪਿੰਡਾਂ/ ਸ਼ਹਿਰਾਂ ਵਿੱਚ ਜਾਤਾਂ 'ਤੇ ਅਧਾਰਿਤ ਕਈ ਕਈ ਗੁਰਦੁਆਰੇ ਹਨ। ਇਨ੍ਹਾਂ ਵਿੱਚ ਗੁਰੂ ਸਾਹਿਬਾਨ ਦੇ ਗੁਰਪੁਰਬ ਤਾਂ ਮਨਾਏ ਜਾਂਦੇ ਹਨ ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਹੋਰ ਬਾਣੀਕਾਰ ਭਗਤਾਂ ਦੇ ਪੁਰਬ ਮਨਾਉਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ। ਬਹੁਤੀ ਸਿੱਖ ਸੰਗਤ ਤਾਂ ਸ਼ਾਇਦ ਇਨ੍ਹਾਂ ਦੇ ਨਾਵਾਂ ਤੋਂ ਵੀ ਵਾਕਿਫ਼ ਨਾ ਹੋਵੇ। ਗੁਰਮਤਿ ਵਿਚਾਰਧਾਰਾ ਜਾਤ-ਪਾਤ,ਰੰਗ, ਨਸਲ, ਫ਼ਿਰਕੇ ਆਦਿ ਦੇ ਵਿਤਕਰਿਆਂ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ। ਕੀ ਸਾਰੇ ਗੁਰਪੁਰਬ ਸਾਂਝੇ ਰੂਪ ਵਿੱਚ ਇੱਕ ਹੀ ਗੁਰਦੁਆਰੇ ਵਿੱਚ ਨਹੀਂ ਮਨਾਏ ਜਾ ਸਕਦੇ? ਗੁਰਦੁਆਰੇ ਜਾਣ ਵਾਲੇ ਲੋਕਾਂ ਦੀ ਗਿਣਤੀ ਘਟਦੀ ਜਾ ਰਹੀ ਹੈ ਪਰ ਗੁਰਦੁਆਰਿਆਂ ਦੀਆਂ ਇਮਾਰਤਾਂ ਵੱਡੀਆਂ ਹੋ ਰਹੀਆਂ ਹਨ।

ਬਿਨਾਂ ਸ਼ੱਕ ਗੁਰਦੁਆਰੇ ਬਹੁਤ ਸੁੰਦਰ ਬਣ ਗਏ ਹਨ ਪਰ ਗੁਰਮਤਿ ਵਿਚਾਰਧਾਰਾ ਨੂੰ ਜਾਣਨ-ਸਮਝਣ ਦੀ ਭਾਵਨਾ ਤੇ ਪ੍ਰਵਿਰਤੀ ਘੱਟ ਹੁੰਦੀ ਜਾ ਰਹੀ ਹੈ। ਬਹੁਤੀਆਂ ਗੱਲਾਂ ਸਾਡੀ ਜੀਵਨ-ਜਾਚ ਦਾ ਹਿੱਸਾ ਨਹੀਂ ਬਣੀਆਂ। ਭਾਵੇਂ ਪੰਜਾਬ ਵਿੱਚ ਜਾਤਪਾਤੀ ਪ੍ਰਬੰਧ ਬਾਕੀ ਭਾਰਤ ਦੇ ਮੁਕਾਬਲੇ ਇੰਨਾ ਤਿੱਖਾ ਨਹੀਂ ਪਰ ਗੁਰਦੁਆਰਾ ਇੱਕ ਅਜਿਹਾ ਕੇਂਦਰ ਹੈ ਜਿਸ ਦੇ ਮੰਚ ਤੋਂ ਜਾਤੀ ਵਿਤਕਰੇ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਜਾਣੀ ਚਾਹੀਦੀ ਹੈ।

ਸਮਾਜ ਵਿੱਚ ਅਜਿਹੇ ਅਨੇਕਾਂ ਲੋਕ ਹਨ ਜਿਹੜੇ ਆਰਥਿਕ ਤੌਰ 'ਤੇ ਪਛੜੇ ਹੋਣ ਕਾਰਨ ਆਪਣੇ ਬੱਚਿਆਂ ਨੂੰ ਸਿੱਖਿਆ ਮੁਹੱਈਆ ਕਰਾਉਣ ਤੋਂ ਅਸਮਰਥ ਹਨ। ਹਸਪਤਾਲਾਂ ਵਿੱਚ ਮਹਿੰਗੇ ਇਲਾਜ ਕਾਰਨ ਆਮ ਆਦਮੀ ਲਈ ਇਲਾਜ ਕਰਾਉਣਾ ਬੇਹੱਦ ਔਖਾ ਹੋ ਗਿਆ ਹੈ। ਗੁਰਦੁਆਰਿਆਂ ਦੀਆਂ ਗੋਲਕਾਂ ਦੇ ਪੈਸੇ ਨੂੰ ਇਨ੍ਹਾਂ ਕਾਰਜਾਂ ਲਈ ਵਰਤ ਕੇ ਮਾਨਵਤਾ ਦੀ ਸੇਵਾ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਸਮਿਆਂ ਵਿੱਚ ਔਰਤ ਦੀ ਦੁਰਦਸ਼ਾ ਦੇਖ ਕੇ ਉਸ ਦੇ ਹੱਕ ਵਿੱਚ ਆਵਾਜ਼ ਉਠਾਈ ਤੇ ਉਸ ਨੂੰ ਜਣਨੀ ਕਹਿ ਕੇ ਸਤਿਕਾਰਿਆ। ਸਮਾਂ ਬਦਲ ਜਾਣ ਦੇ ਬਾਵਜੂਦ ਸਾਡੇ ਸਮਾਜ ਵਿੱਚ ਔਰਤ ਦੀ ਸਥਿਤੀ ਸੁਖਾਵੀਂ ਨਹੀਂ ਹੈ। ਸਿੱਖ ਸ਼ਰਧਾਲੂਆਂ ਦੇ ਘਰਾਂ ਵਿੱਚ ਵੀ ਔਰਤ ਨੂੰ ਇੱਕ ਵਿਅਕਤੀ ਵਜੋਂ ਆਦਰ ਸਤਿਕਾਰ ਦੇਣਾ ਅਜੇ ਦੂਰ ਦੀ ਗੱਲ ਹੈ। ਲੜਕੀ ਪੈਦਾ ਹੋਣ 'ਤੇ ਅੱਜ ਵੀ ਘਰ ਵਿੱਚ ਸੋਗ ਦੀ ਲਹਿਰ ਦੌੜ ਜਾਂਦੀ ਹੈ। ਜੇ ਗੁਰੂ ਦੇ ਨਾਮ 'ਤੇ ਜੀਂਦੇ ਪੰਜਾਬ ਵਿੱਚ ਔਰਤਾਂ 'ਤੇ ਜ਼ੁਲਮ ਹੋ ਰਹੇ ਹਨ, ਜਬਰ-ਜਨਾਹ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਤਾਂ ਗੰਭੀਰਤਾ ਨਾਲ ਸੋਚਣ

ਬਾਕੀ ਸਫਾ 31 'ਤੇ.....

ਕਵਿਤਾ

ਖੱਬਲ

ਪਾਲ ਕੌਰ
ਅੰਬਾਲਾ

ਸੁਣਿਆਂ ਏ ਕਿ ਜਦੋਂ ਮੈਂ ਜੰਮੀ ਸਾਂ
ਤਾਂ ਮੈਨੂੰ ਵੇਖ ਕੇ 'ਕਿਸੇ' ਨੇ ਮੂੰਹ ਫੇਰ ਲਿਆ ਸੀ।
ਤੇ 'ਕਿਸੇ' ਨੇ ਪਿੱਠ ਕਰ ਲਈ ਸੀ।
ਤੇ ਜਿਵੇਂ ਕਹਿੰਦੇ ਨੇ ਕਿ ਬੱਚਾ ਇੱਕੀ ਦਿਨਾਂ ਵਿਚ
ਪਿਓ ਦੀ ਪੱਗ ਪਛਾਣ ਲੈਂਦਾ ਹੈ
ਮੈਂ ਪਿੱਠ ਪਛਾਣ ਲਈ ਸੀ।
ਉਦੋਂ ਹੀ ਮੈਂ ਪਿੱਠਾਂ ਨੂੰ ਵੇਖਣ
ਤੇ ਜਰਨ ਦੀ ਆਦੀ ਹੋ ਗਈ
ਤੇ ਜਦੋਂ ਵੀ ਅੱਖਾਂ 'ਚ ਰੋਹ ਭਰਿਆ
ਤਾਂ ਮੈਂ ਉਨ੍ਹਾਂ ਪਿੱਠਾਂ ਉੱਪਰ
ਆਪਣੀ ਉਦਾਸ ਇਬਾਰਤ ਲਿਖ ਦਿੱਤੀ
ਜਿਸ ਨੂੰ ਉਹ ਪਿੱਠਾਂ ਵਾਲੇ
ਕਦੇ ਵੀ ਪੜ੍ਹ ਨਹੀਂ ਸਕੇ।
ਮੈਂ ਤਾਂ ਕਿਆਰੀ ਵਿੱਚ ਹੋਰਨਾਂ ਪੌਦਿਆਂ ਨਾਲ
ਕਿਸੇ ਖੱਬਲ਼ ਵਾਂਗ ਉੱਗ ਪਈ ਸਾਂ
ਤੇ ਖੱਬਲ਼ ਵਾਂਗ ਹੀ ਪਲ ਗਈ ਹਾਂ
ਮਾਲੀ ਨੇ ਜਦੋਂ ਵੀ ਚਾਹਿਆ
ਮੈਨੂੰ ਪੁੱਟ ਕੇ ਸੁੱਟਣ ਦੀ ਕੋਈ ਕਸਰ ਨਹੀਂ ਛੱਡੀ
ਪਰ ਮੈਂ ਉਨ੍ਹਾਂ ਪੌਦਿਆਂ ਦੀਆਂ ਜੜ੍ਹਾਂ ਨਾਲ
ਮੁੜ ਉੱਗ ਪਈ।
ਪੌਦਿਆਂ ਨੂੰ ਗੋਡੀ ਹੁੰਦੀ
ਮੇਰੇ ਅੰਗ ਜ਼ਖ਼ਮੀ ਵੀ ਹੋ ਜਾਂਦੇ ਤਾਂ ਮੈਂ ਮੂਕ ਰਹਿੰਦੀ
ਮੇਰੀਆਂ ਬਿਮਾਰ ਤਿੜਾਂ ਪੀੜ ਨਾਲ ਕੁਰਲਾਉਂਦੀਆਂ
ਪਰ ਮੈਂ ਦੰਦਾਂ ਥੱਲੇ ਜੀਭ ਦੇ ਕੇ
ਅੱਥਰੂ ਅੱਥਰੂ ਹੋਈ ਪਈ ਰਹਿੰਦੀ।
ਖੱਬਲ਼ ਵਰਗੀ ਹੋਂਦ ਨੇ
ਪਿਆਰ ਭਰੇ ਹੱਥ ਦੇ ਪੌਦਿਆਂ ਦੀ ਛੋਹ ਲਈ
ਮੇਰੀ ਸਹਿਕ ਨੇ
ਤੇ ਘਣਛਾਵਾਂ ਬੂਟਾ ਹੁੰਦਿਆਂ ਸੁੰਦਿਆਂ
ਮੇਰੇ ਹਿੱਸੇ ਆਈ ਤਿੱਖੀ ਧੁੱਪ ਦੇ ਅਹਿਸਾਸ ਨੇ
ਮੈਨੂੰ ਮੰਗਤੀ ਬਣਾ ਦਿੱਤਾ ਹੈ।
ਮੈਂ ਛਾਂ ਦੇ ਇੱਕ ਇੱਕ ਕਤਰੇ ਲਈ
ਉਡਦੇ ਬਾਜਾਂ ਮਗਰ ਵੀ ਭੱਜੀ ਹਾਂ
ਤੇ ਦਰੋਂ ਬੇਦਰ ਹੋ ਕੇ
ਕਈ ਵਾਰ ਬੇਆਬਰੂ ਵੀ ਹੋਈ ਹਾਂ
ਮੈਨੂੰ ਨਹੀਂ ਪਤਾ ਕਿ ਕਦੋਂ ਪਹੁ ਫੁੱਟੀ ਸੀ
ਕਦੋਂ ਸਵੇਰ ਹੋਈ ਸੀ
ਤੇ ਦੁਪਹਿਰਾ ਕਿਵੇਂ ਢਲ ਗਿਆ
ਮੈਂ ਤਾਂ ਜਦੋਂ ਤੋਂ ਆਪਣਾ ਚਿਹਰਾ
ਸ਼ੀਸ਼ੇ 'ਚ ਤੱਕਿਆ ਹੈ
ਮੈਨੂੰ ਇਸ ਉੱਪਰ ਝੁਰੜੀਆਂ ਹੀ ਦਿਸੀਆਂ ਨੇ।
ਮੈਂ ਖੱਬਲ਼ ਵਾਂਗ
ਮੁੜ ਮੁੜ ਅਤੇ ਬਦੋਬਦੀ ਉੱਗੀ ਹਾਂ
ਤੇ ਬਦੋਬਦੀ ਪਲੀ ਹਾਂ।

❊ ❊ ❊ ❊ ❊

ਔਰਤ ਨੂੰ ਅਬਲਾ ਨਾ ਸਮਝੋ,
ਇਹ ਪੱਥਰਾਂ ਨੂੰ ਦਰੜ ਸਕਦੀ ਹੈ।
ਦਰਿਆ ਸਾਗਰ ਤਰ ਸਕਦੀ ਹੈ,
ਪਰਬਤ ਉੱਤੇ ਚੜ੍ਹ ਸਕਦੀ ਹੈ।
ਪਾਇਲਟ ਵੀ ਬਣ ਸਕਦੀ ਹੈ,
ਸਰਹੱਦਾਂ 'ਤੇ ਲੜ ਸਕਦੀ ਹੈ।
ਦੁਸ਼ਮਨ ਕਿੰਨਾ ਡਾਢਾ ਹੋਵੇ,
ਇਹ ਹਿੱਕ ਡਾਹ ਕੇ ਖੜ ਸਕਦੀ ਹੈ।
–ਬਲਬੀਰ ਸਿੰਘ ਸੈਣੀ ਨੰਗਲ

ਦੁਨੀਆਂ ਦਾ ਸਭ ਤੋਂ ਉੱਚਾ ਮਨੁੱਖ

ਰਜਿੰਦਰ ਸਿੰਘ ਨਨੂੰਆ
ਸੈਣੀ ਭਵਨ, ਰੋਪੜ

ਗਿੰਨੀਜ਼ ਬੁੱਕ ਆਫ਼ ਰਿਕਾਰਡਜ਼ ਅਨੁਸਾਰ ਅਮਰੀਕਾ ਦਾ ਰੌਬਰਟ ਪਰਸ਼ਿੰਗ ਵੈਡਲੋ ਹੁਣ ਤੱਕ ਦਾ ਸਭ ਤੋਂ ਉੱਚਾ(ਲੰਬਾ) ਮਨੁੱਖ ਹੋਇਆ ਹੈ। ਉਸ ਨੂੰ 'ਜਾਇੰਟ ਆਫ਼ ਇਲੀਨਾਏ' ਅਤੇ 'ਐਲਟਨ ਜਾਇੰਟ' ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਮੌਤ ਸਮੇਂ ਉਸ ਦੀ ਉਚਾਈ 8 ਫੁੱਟ, 11.1 ਇੰਚ ਅਤੇ ਭਾਰ 199 ਕਿੱਲੋਗ੍ਰਾਮ ਸੀ। ਉਸ ਦਾ ਜਨਮ ਆਮ ਬੱਚਿਆਂ ਵਾਂਗ ਹੀ 22 ਫਰਬਰੀ, 1918 ਨੂੰ ਅਮਰੀਕਾ ਦੇ ਸੂਬੇ ਇਲੀਨਾਏ ਦੇ ਛੋਟੇ ਜਿਹੇ ਸ਼ਹਿਰ, ਐਲਟਨ ਵਿਖੇ ਹਾਰਲਡ ਫਰੈਂਕਲਿਨ ਅਤੇ ਐਡੀਮੇਅ ਦੇ ਘਰ ਹੋਇਆ। ਉਹ ਆਪਣੇ 5 ਭੈਣਾਂ-ਭਰਾਵਾਂ ਵਿੱਚੋਂ ਸਭ ਤੋਂ ਵੱਡਾ ਸੀ। ਜਨਮ ਸਮੇਂ ਉਸ ਦਾ ਭਾਰ ਅਤੇ ਲੰਬਾਈ ਆਮ ਬੱਚਿਆਂ ਜਿੰਨੀ ਹੀ ਸੀ। ਜਦੋਂ ਉਹ 8 ਸਾਲ ਦਾ ਹੋਇਆ ਤਾਂ ਆਪਣੇ ਬਾਪ ਨਾਲੋਂ ਵੀ ਉੱਚਾ ਸੀ। ਐਲੀਮੈਂਟਰੀ ਸਕੂਲ ਵਿੱਚ ਪੜ੍ਹਦੇ ਸਮੇਂ ਉਸ ਦੇ ਬੈਠਣ ਲਈ ਵਿਸ਼ੇਸ਼ ਬੈਂਚ ਦਾ ਪ੍ਰਬੰਧ ਕਰਨਾ ਪਿਆ। ਉਹ ਆਪਣੇ ਸਾਥੀ ਦੂਜੇ ਬੱਚਿਆਂ ਵਾਂਗ ਹੀ ਖੇਡਾਂ ਅਤੇ ਸਕੂਲੀ ਗਤੀਵਿਧੀਆਂ ਵਿੱਚ ਭਾਗ ਲੈਂਦਾ ਸੀ। ਜਦੋਂ ਉਹ 1936 ਵਿੱਚ ਐਲਟਨ ਹਾਈ ਸਕੂਲ ਵਿੱਚ ਪੜ੍ਹਦਾ ਸੀ ਤਾਂ ਉਸ ਦੀ ਉਚਾਈ 8 ਫੁੱਟ 4 ਇੰਚ ਹੋ ਗਈ। ਮੈਟ੍ਰਿਕ ਬਾਅਦ ਕਾਨੂੰਨ ਦੀ ਪੜ੍ਹਾਈ ਕਰਨ ਲਈ ਉਸ ਨੇ ਸ਼ਰਲਫ਼ ਕਾਲਜ ਵਿੱਚ ਦਾਖਲਾ ਲੈ ਲਿਆ।

ਇਸ ਸਾਲ ਹੀ ਉਸ ਨੇ ਵਿਸ਼ਵ ਦੀ ਪ੍ਰਸਿੱਧ ਸਰਕਸ ਕੰਪਨੀ 'ਰਿੰਗਲਿੰਗ ਬਰਦਰਜ਼' ਨਾਲ ਅਮਰੀਕਾ ਦੇ ਮੈਡੀਕਨ ਸੁਕੇਅਰ ਗਾਰਡਨ ਅਤੇ ਬੋਸਟਨ ਗਾਰਡਨ ਦਾ ਦੌਰਾ ਕੀਤਾ ਜਿਸ ਨਾਲ ਉਹ ਦੁਨੀਆਂ ਦੇ ਧਿਆਨ ਵਿੱਚ ਆਇਆ। ਉਮਰ ਵਧਣ ਨਾਲ ਉਸ ਨੂੰ ਤੁਰਨ ਵਿੱਚ ਸਮੱਸਿਆ ਆਉਣ ਲੱਗੀ ਸੀ ਜਿਸ ਕਾਰਨ ਲੱਤਾਂ ਦੁਆਲੇ ਮੋਟੀ ਪੱਟੀ ਬੰਨ੍ਹਣੀ ਪੈਂਦੀ ਸੀ। 1938 ਵਿੱਚ ਉਸ ਨੇ ਪ੍ਰਸਿੱਧ ਇਸ਼ਤਿਹਾਰੀ ਕੰਪਨੀ 'ਇੰਟਰਨੈਸ਼ਨਲ ਸ਼ੋਅ ਕੰਪਨੀ' ਨਾਲ ਟੂਰ ਆਰੰਭ ਕੀਤਾ ਜਿਸ ਨੇ ਉਸ ਨੂੰ ਮੁਫ਼ਤ ਬੂਟ ਲੈ ਕੇ ਦਿੱਤੇ ਜਿਨ੍ਹਾਂ ਦੀ ਕੀਮਤ 1500 ਡਾਲਰ ਸੀ। ਉਸ ਦੇ ਪੈਰਾਂ ਦੀ ਲੰਬਾਈ 18.5 ਇੰਚ ਸੀ ਜਿਨ੍ਹਾਂ ਵਿੱਚ 37ਏਏ ਸਾਈਜ਼ ਦੇ ਬੂਟ ਆਉਂਦੇ ਸਨ। ਉਸ ਦੇ ਹੱਥ 12.7 ਇੰਚ ਲੰਬੇ ਸਨ ਜੋ ਕਿ ਵਿਸ਼ਵ ਰਿਕਾਰਡ ਹੈ। ਸਰਕਸ ਅਤੇ ਹੋਰ ਕੰਪਨੀਆਂ ਵਿੱਚ ਸੇਵਾ ਕਰਦੇ ਸਮੇਂ ਵੈਡਲੋ ਨੇ ਆਪਣੇ ਆਪ ਨੂੰ ਅਪੰਗ ਵਜੋਂ ਪੇਸ਼ ਨਹੀਂ ਕੀਤਾ। ਉਸ ਨੇ ਵਿਸ਼ੇਸ਼ ਟੋਪ ਅਤੇ ਲੰਬਾ ਕੋਟ ਪਾਉਣ ਦੀ ਬਿਜਾਏ ਸਾਧਾਰਨ ਪੌਸ਼ਾਕ ਪਾ ਕੇ ਹੀ ਪ੍ਰਦਰਸ਼ਨ ਕੀਤਾ। ਉਸ ਨੇ ਤੁਰਨ ਸਮੇਂ ਛੜੀ ਦੀ ਵਰਤੋਂ ਤਾਂ ਕੀਤੀ ਪਰ ਵੀਲ੍ਹਚੇਅਰ ਕਦੇ ਇਸਤੇਮਾਲ ਨਹੀਂ ਕੀਤੀ। ਉਹ ਸਰੀਰਕ ਪੱਖ ਤੋਂ ਚੰਗਾ ਮਜ਼ਬੂਤ ਸੀ ਅਤੇ ਰੋਜ਼ 8000 ਕੈਲਰੀ ਊਰਜਾ ਲੈਣ ਲਈ ਵਧੀਆ ਭੋਜਨ ਕਰਦਾ ਸੀ। ਉਹ ਨੌਜਵਾਨਾਂ ਦੀ 'ਆਰਡਰ ਆਫ਼ ਡੇਮੋਲੇ' ਸੰਸਥਾ ਦਾ ਮੈਂਬਰ ਸੀ ਜਿਸ ਦਾ ਬਾਅਦ ਵਿੱਚ ਉਹ ਫਰੀਮੈਸਨ ਬਣ ਗਿਆ।

ਡਾਕਟਰਾਂ ਅਨੁਸਾਰ ਵੈਡਲੇ ਦੀ ਅਸਾਧਾਰਨ ਉਚਾਈ ਮਨੁੱਖੀ ਦਿਮਾਗ ਦੇ ਥੱਲੇ ਮੌਜੂਦ ਪੀਯੂਸ਼ ਗ੍ਰੰਥੀ (ਪਿਚੁਟਰੀ ਗਲੈਂਡ) ਵਿੱਚ ਨੁਕਸ, ਹਾਈਪਰਪਲਾਸੀਆ ਕਾਰਨ ਸੀ। ਇਸ ਨਾਲ ਸਰੀਰ ਦੇ ਸੈਲਾਂ ਦੇ ਆਕਾਰ ਵਿੱਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ। ਵੈਡਲੇ ਦੀ ਉਚਾਈ ਅਤੇ ਭਾਰ ਮੌਤ ਤੱਕ ਵਧਦਾ ਹੀ ਰਿਹਾ ਸੀ। ਮੌਤ ਤੋਂ ਇੱਕ ਸਾਲ ਪਹਿਲਾਂ ਹੀ ਉਸ ਨੇ ਉਚਾਈ ਵਿੱਚ ਵਿਸ਼ਵ ਰਿਕਾਰਡ ਕਾਇਮ ਕਰਨ ਵਾਲੇ ਸਵਰਗੀ ਜਾਹਨ ਰੋਗਨ ਨੂੰ ਪਛਾੜ ਦਿੱਤਾ ਸੀ। ਉਂਜ 8 ਫੁੱਟ 3 ਇੰਚ ਉੱਚਾ ਸੁਲਤਾਨ ਕੌਸੇਨ ਅਜੇ ਜਿੰਦਾ ਹੈ। 4 ਜੁਲਾਈ, 1940 ਨੂੰ ਜਦੋਂ ਉਹ 'ਮਨਿਸਟੀ ਨੈਸ਼ਨਲ ਫਾਰੈਸਟ' ਉਤਸਵ ਵਿੱਚ ਭਾਗ ਲੈ ਰਿਹਾ ਸੀ ਤਾਂ ਲੱਤਾਂ 'ਤੇ ਬੰਨ੍ਹੀਆ ਪੱਟੀਆਂ ਢਿੱਲੀਆਂ ਰਹਿ ਜਾਣ ਕਾਰਨ ਉਸ ਦੇ ਗਿੱਟੇ 'ਤੇ ਜ਼ਖਮ ਹੋ ਗਿਆ। ਇਸ ਇਨਫੈਕਸ਼ਨ ਨੂੰ ਠੀਕ ਕਰਨ ਲਈ ਉਸ ਦਾ ਬਲੱਡ ਟਰਾਂਸਫਿਊਜ਼ਨ ਅਤੇ ਓਪਰੇਸ਼ਨ ਵੀ ਕੀਤਾ ਗਿਆ ਪਰ ਇਹ ਵਧਦਾ ਹੀ ਗਿਆ। ਅਖੀਰ 15 ਜੁਲਾਈ, 1940 ਨੂੰ ਮਿਸ਼ੀਗਨ ਦੇ ਮੇਨਿਸਟੀ ਸ਼ਹਿਰ ਦੇ ਇੱਕ ਹੋਟਲ ਵਿੱਚ ਸੁੱਤਿਆਂ ਹੀ ਉਸ ਦੀ ਮੌਤ ਹੋ ਗਈ। ਉਸ ਦੇ ਮਿਰਤਕ ਸਰੀਰ ਲਈ 10 ਫੁੱਟ 9 ਇੰਚ ਲੰਬੀ ਅਰਥੀ ਤਿਆਰ ਕੀਤੀ ਗਈ ਜਿਸ ਨੂੰ 20 ਵਿਅਕਤੀਆਂ ਨੇ ਚੁਕਿਆ ਅਤੇ ਇਲੀਨਾਏ ਦੇ ਓਕਵੁੱਡ ਸ਼ਮਸ਼ਾਨ ਘਾਟ ਵਿੱਚ ਉਸ ਨੂੰ ਦਫ਼ਨਾ ਦਿੱਤਾ ਗਿਆ। 1986 ਵਿੱਚ 'ਐਲਟਨ ਮਿਊਜ਼ੀਅਮ ਆਫ਼ ਹਿਸਟਰੀ ਅਤੇ ਆਰਟ' ਵਿੱਚ ਵੈਡਲੇ ਦਾ ਆਦਮ-ਕੱਦ ਬੁੱਤ ਲਗਾਇਆ ਗਿਆ ਹੈ। ਰੌਬਰਟ ਵੈਡਲੇ ਦੇ ਸਰੀਰ ਦੀ ਕ੍ਰਿਸ਼ਮਈ ਉਚਾਈ (ਲੰਬਾਈ) ਅਜੇ ਤੱਕ ਵਿਸ਼ਵ ਰਿਕਾਰਡ ਬਣੀ ਹੋਈ ਹੈ। ਉਹ ਫਿਲਮਸਾਜ਼ਾਂ ਅਤੇ ਸਾਹਿਤਕਾਰਾਂ ਲਈ ਮਨਪਸੰਦ ਪਾਤਰ ਬਣਿਆਂ ਹੋਇਆ ਹੈ। ਭਾਰਤ ਦੇ ਉੱਤਰ ਪ੍ਰਦੇਸ਼ ਪ੍ਰਾਂਤ ਦਾ ਵਸਨੀਕ ਧਰਮਿੰਦਰ ਪ੍ਰਤਾਪ ਸਿੰਘ ਆਪਣੀ 8 ਫੁੱਟ 1 ਇੰਚ ਉਚਾਈ ਨਾਲ ਇਸ ਸਮੇਂ ਦੇਸ਼ ਦਾ ਸਭ ਤੋਂ ਉੱਚਾ ਜਿਉਂਦਾ ਮਨੁੱਖ ਹੈ।

❋ ❋ ❋ ❋ ❋

ਡਾ. ਅਜਮੇਰ ਸਿੰਘ
ਸੈਣੀ ਭਵਨ ਰੂਪਨਗਰ

ਪਹਾੜ ਦੀ ਯਾਤਰਾ

ਮਨੁੱਖੀ ਜ਼ਿੰਦਗੀ ਵਿੱਚ ਰੁਖਾਂ ਦਾ ਅਹਿਮ ਸਥਾਨ ਹੈ। ਰੁੱਖ ਹੀ ਮਨੁੱਖ ਨੂੰ ਮਾਂ ਵਾਂਗ ਪਾਲਦੇ ਅਤੇ ਪਲੋਸਦੇ ਹਨ। ਇਸ ਨਿੱਘੇ ਰਿਸ਼ਤੇ ਨੂੰ ਮਾਨਣ ਲਈ ਯੂਨੀਕ ਐਡਵੈਂਚਰ ਕਲੱਬ ਰੂਪਨਗਰ ਦੇ ਮੈਂਬਰਾਂ ਨੇ 3 ਜੂਨ ਤੋਂ 9 ਜੂਨ 2023 ਤੱਕ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਦੀ ਯਾਤਰਾ ਕੀਤੀ। 3 ਤਾਰੀਖ ਨੂੰ ਸਵੇਰੇ 4 ਵਜੇ ਰੋਪੜ ਤੋਂ 8 ਵਿਅਕਤੀ ਦੋ ਕਾਰਾਂ ਵਿੱਚ ਸਵਾਰ ਹੋ ਕੇ 6.30 'ਤੇ ਚੰਡੀਗੜ੍ਹ-ਸ਼ਿਮਲਾ ਸੜਕ 'ਤੇ ਸੋਲਨ ਤੋਂ ਦਸ ਕਿਲੋਮੀਟਰ ਪਹਿਲਾਂ ਕੁਮਾਰਹੱਟੀ ਦੇ ਸਥਾਨ 'ਤੇ ਪਹੁੰਚ ਗਏ। ਇੱਥੇ ਹੀ ਪਟਿਆਲਾ ਅਤੇ ਰਾਜਪੁਰਾ ਤੋਂ 2-2 ਤੇ ਹਰਿਆਣਾ ਦੇ ਕਸਬਾ ਝੱਜਰ ਤੋਂ 9 ਸਾਥੀ ਕਾਰਾਂ ਰਾਹੀ ਸਾਡੇ ਨਾਲ ਆ ਮਿਲੇ। ਇਥੇ ਨਾਸ਼ਤਾ ਕਰਨ ਤੋਂ ਬਾਅਦ 21 ਯਾਤਰੂਆਂ ਦਾ ਇਹ ਜਥਾ 8 ਕੁ ਵਜੇ ਆਪਣੀ ਮੰਜ਼ਲ ਵੱਲ ਨੂੰ ਰਵਾਨਾ ਹੋਇਆ।

ਮੁੱਖ ਸੜਕ ਦੇ ਚੜ੍ਹਦੇ ਵੱਲ ਨੈਰੀਪੁਲ, ਸੈਂਜ, ਛੈਲਾ ਅਤੇ ਗੁੰਮਾ ਤੋਂ ਹੁੰਦੇ ਹੋਏ ਰੌਣਕਭਰਪੂਰ ਪਹਾੜੀ ਰਸਤੇ ਰਾਹੀਂ 80 ਕੁ ਕਿਲੋਮੀਟਰ ਦੂਰ ਦੋ ਕੁ ਵਜੇ ਅਸੀਂ ਇੱਕ ਪਹਾੜੀ ਚੋਟੀ ਦੇ ਪੈਰਾਂ ਵਿੱਚ ਜਾ ਪੁੱਜੇ। ਪਹਾੜ ਕਿਤੇ ਬਹੁਤ ਉੱਚੇ ਅਤੇ ਕਿਤੇ ਦਰਮਿਆਨੇ ਸਨ। ਰਸਤੇ ਵਿੱਚ ਪਹਾੜਾਂ 'ਤੇ ਹਰਿਆਲੀ ਤਾਂ ਬਹੁਤ ਸੀ ਪਰ ਕੋਈ ਇਮਾਰਤੀ ਲੱਕੜ ਵਾਲੇ ਦਰਖਤ ਦੇਖਣ ਨੂੰ ਨਹੀਂ ਮਿਲੇ। ਕਈ ਪਹਾੜ ਚੀਲ੍ਹ ਅਤੇ ਪਹਾੜੀ ਝਾੜੀਆਂ ਨਾਲ ਭਰੇ ਹੋਏ ਸਨ। ਰਾਮਨਗਰ ਨਾਮ ਦਾ ਇਹ ਸਥਾਨ ਸ਼ਿਮਲਾ ਜ਼ਿਲ੍ਹੇ ਦੀ ਤਹਿਸੀਲ ਕੋਟਖਾਈ ਵਿੱਚ ਪੈਂਦਾ ਹੈ ਜੋ ਜਿਲ੍ਹਾ ਹੈਡਕੁਆਰਟਰ ਤੋਂ 60 ਕੁ ਕਿਲੋਮੀਟਰ ਦੂਰ ਹੈ। "ਓਜੂਵਨ ਰਿਜ਼ੋਰਟਸ" ਦੇ ਨਾਮ ਨਾਲ ਸਾਡੀਆਂ ਰਿਹਾਇਸ਼ੀ ਹਟਸ ਦੇਵਦਾਰ ਦੇ ਦਰਖਤਾਂ ਵਿੱਚ ਕਾਫੀ ਉਚਾਈ 'ਤੇ ਬਣੀਆਂ ਹੋਈਆਂ ਸਨ। ਇਨ੍ਹਾਂ ਨੂੰ ਇੱਥੇ ਕਾਰਾਂ ਲੈ ਕੇ ਜਾਣ ਵਿੱਚ ਕਾਫੀ ਮੁਸ਼ਕਲ ਪੇਸ਼ ਆਈ ਜਿਸ ਕਰਕੇ ਕੁੱਝ ਨੀਚੇ ਹੀ ਖੜ੍ਹੀਆਂ ਕਰ ਦਿੱਤੀਆਂ ਗਈਆਂ। ਲੱਕੜ ਦੀਆਂ ਇਹ ਛੋਟੀਆਂ ਛੋਟੀਆਂ ਹਟਸ ਇਸ ਪਹਾੜੀ ਇਲਾਕੇ ਵਿੱਚ ਬਹੁਤ ਸੁਹਾਵਣਾ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਸਹੂਲਤਾਂ ਭਾਵੇਂ ਸੀਮਿਤ ਸਨ ਪਰ ਆਲੇਦੁਆਲੇ ਦਾ ਮਾਹੌਲ ਰਮਣੀਕ ਤੇ ਸਾਫਸੁਥਰਾ ਸੀ। ਇਸ ਦੇ ਪਾਸ ਹੀ ਇੱਕ ਮੰਦਰ ਸੀ ਜਿਸ ਵਿੱਚ ਸਾਲਾਨਾ ਭੰਡਾਰੇ ਦੀਆਂ ਤਿਆਰੀਆਂ ਹੋ ਰਹੀਆਂ ਸਨ।

ਪਹਿਲੇ ਦਿਨ ਅਸੀਂ ਦੁਪਹਿਰ ਦਾ ਖਾਣਾ ਖਾ ਕੇ ਕੁੱਝ ਸਮਾਂ ਆਰਾਮ ਕੀਤਾ ਅਤੇ ਫਿਰ ਮਨੋਰੰਜਨ ਲਈ ਇਕੱਠੇ ਹੋ ਗਏ। ਸਭ ਪਾਸਿਓਂ ਤੇਜ਼ ਹਵਾ ਦੇ ਉੱਚੇ ਦੇਵਦਾਰ ਦੇ ਦਰਖਤਾਂ ਨਾਲ ਟਕਰਾ ਕੇ ਸਾਂ ਸਾਂ ਦੀ ਆਵਾਜ਼ ਆ ਰਹੀ ਸੀ। ਨਜ਼ਦੀਕ ਵਗਦੀ ਨਦੀ ਦਾ ਪਾਣੀ ਪੱਥਰਾਂ ਨਾਲ ਖੇਡਦਿਆਂ ਮਿੱਠੀ ਧੁਨ ਸੁਣਾ ਰਿਹਾ ਸੀ। ਇਹ ਨਿਰੰਤਰ ਮਧੁਰ ਧੁਨਾਂ ਸਾਰੇ ਮਾਹੌਲ ਵਿੱਚ ਤਰੰਗਾਂ ਛੇੜ ਰਹੀਆਂ ਸਨ। ਇੱਥੇ ਦਾ ਤਾਪਮਾਨ ਸਾਧਾਰਨ ਤੋਂ ਕਾਫੀ ਘੱਟ ਸੀ ਜਿਸ ਕਾਰਨ ਦੋ-ਦੋ ਕੰਬਲਾਂ ਨਾਲ ਨੀਂਦ ਆਈ। ਨਹਾਉਣ ਲਈ ਵੀ ਗਰਮ ਪਾਣੀ ਦੀ ਜ਼ਰੂਰਤ ਪਈ। ਸਵੇਰ ਸਮੇਂ ਪੰਛੀਆਂ ਦੀ ਕੂਹ-ਕੂਹ ਇੱਕ ਅਜਬ ਨਜ਼ਾਰਾ ਪੇਸ਼ ਕਰ ਰਹੀ ਸੀ। ਇਥੇ ਰਿਹਾਇਸ਼ੀ ਸਹੂਲਤਾਂ ਹੋਟਲਾਂ ਵਰਗੀਆਂ ਨਹੀਂ ਸਨ। ਖਾਣਾ ਵੀ ਘਰ ਵਰਗਾ ਮਿਲਦਾ ਸੀ। ਮਾਲਕ ਅਤੇ ਉਸ ਦੀ ਪਤਨੀ ਦੋ-ਤਿੰਨ ਹੋਰ ਨੌਕਰਾਂ ਦੀ ਸਹਾਇਤਾ ਨਾਲ ਸਾਡੇ ਲਈ ਸਾਰੇ ਪ੍ਰਬੰਧ ਕਰਦੇ ਸਨ। ਦੂਜੇ ਦਿਨ ਸਵੇਰੇ ਅਸੀਂ 3 ਕੁ ਕਿਲੋਮੀਟਰ ਦੂਰ ਇੱਕ ਪਹਾੜੀ 'ਤੇ ਚੜ੍ਹ ਕੇ ਕੁੱਝ ਸਰੀਰਿਕ ਕਿਰਿਆਵਾਂ ਕੀਤੀਆਂ ਅਤੇ ਮੁੜ ਕੇ ਨਾਸ਼ਤਾ ਕੀਤਾ। ਫਿਰ ਅਸੀਂ ਇੱਕ ਛੋਟੀ ਬੱਸ ਲੈ ਕੇ ਪਹਾੜ ਦੀ ਇੱਕ ਚੋਟੀ 'ਤੇ ਗਏ ਜਿੱਥੋਂ ਸਾਰੇ ਪਾਸੇ ਸਪਸ਼ਟਤਾ ਨਾ ਦੇਖਿਆ ਜਾ ਸਕਦਾ ਸੀ। ਇੱਥੇ ਬੱਸ ਨੂੰ ਚੜ੍ਹਨ ਵਿੱਚ ਕਾਫੀ ਮੁਸ਼ਕਲ ਆਈ। ਰਸਤੇ ਵਿੱਚ ਇੱਕ ਸੁੰਦਰ ਮੰਦਰ ਬਣਿਆਂ ਹੋਇਆ ਸੀ ਪਰ ਇਸ ਅੰਦਰ ਜਾਣ ਦੀ ਇਜ਼ਾਜ਼ਤ ਨਹੀਂ ਸੀ। ਉੱਥੇ ਮੌਜੂਦ ਵਿਅਕਤੀ ਨੇ ਦੱਸਿਆ ਕਿ ਕੇਵਲ ਸਥਾਨਿਕ ਸ਼ਰਧਾਲੂ ਹੀ ਵਿਸ਼ੇਸ਼ ਸਮਾਗਮਾਂ 'ਤੇ ਇੱਥੇ ਆਉਂਦੇ ਹਨ। ਇਹ ਸੁਣ ਕੇ ਸਾਨੂੰ ਬੜੀ ਹੈਰਾਨੀ ਹੋਈ ਕਿ ਰੱਬ ਦਾ ਘਰ ਵੀ ਸੀਮਿਤ ਲੋਕਾਂ ਲਈ ਰਿਜ਼ਰਵ ਹੈ। ਇੱਥੇ ਸਭ ਪਾਸੇ ਸੇਬਾਂ ਦੇ ਦਰਖਤ ਹੀ ਨਜ਼ਰ ਆਏ ਜੋਕਿ ਕੱਪੜੇ ਦੀ ਜਾਲੀ ਨਾਲ ਢਕੇ ਹੋਏ ਸਨ। ਪਤਾ ਲੱਗਾ ਕਿ ਫਲ ਨੂੰ ਗੜ੍ਹਿਆਂ ਤੋਂ ਬਚਾਉਣ ਲਈ ਅਜਿਹਾ ਕੀਤਾ ਜਾਂਦਾ ਹੈ। ਇੰਨੀ ਉਚਾਈ 'ਤੇ ਵੀ ਇੱਥੇ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਸੀ। ਇਸ ਦਿਨ ਸ਼ਾਮ ਨੂੰ ਵਾਲੀਬਾਲ ਖੇਡ ਕੇ ਮਨੋਰੰਜਨ ਕੀਤਾ ਅਤੇ ਰਾਤ ਨੂੰ ਇੱਕ ਸਾਥੀ ਜੋੜੇ ਦੀ ਵਿਆਹ ਵਰ੍ਹੇਗੰਢ ਮਨਾਈ ਜਿਸ ਸਮੇਂ ਖੁਬ ਭੰਗੜਾ ਪਾਇਆ ਗਿਆ ਅਤੇ ਮਿਠਾਈ ਵੰਡੀ ਗਈ।

ਇਹ ਇਲਾਕਾ ਹੈ ਤਾਂ ਭਾਵੇਂ ਪਹਾੜੀ ਹੀ ਪਰ ਲੋਕਾਂ ਦਾ ਜੀਵਨ ਪੱਧਰ ਵਧੀਆ ਹੈ। ਇਸ ਦਾ ਕਾਰਨ ਸਕੂਲੀ ਸਿੱਖਿਆ ਦੀ ਸਹੂਲਤ ਦਾ ਹੋਣਾ ਅਤੇ ਸੇਬਾਂ ਤੋਂ ਚੰਗੀ ਕਮਾਈ ਜਾਪਦਾ ਹੈ। ਪਹਾੜ ਦੇ ਪੈਰਾਂ ਵਿੱਚ ਰਾਮਪੁਰ ਦੇ ਸਥਾਨ 'ਤੇ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਸਪਤਾਲ ਅਤੇ ਡਾਕਖਾਨਾ ਸੀ। ਇੱਕ ਬੱਸ ਸਵੇਰੇ ਸ਼ਿਮਲਾ ਨੂੰ ਜਾਂਦੀ ਹੈ ਅਤੇ ਸ਼ਾਮ ਨੂੰ ਮੁੜ ਕੇ ਆਉਂਦੀ ਹੈ। ਬਹੁਤੇ ਲੋਕ ਮੋਬਾਈਲ ਫੋਨ ਦੀ ਵਰਤੋਂ ਕਰਦੇ ਦੇਖੇ ਗਏ। ਆਪੋ ਵਿਚ ਤਾਂ ਉਹ ਆਪਣੀ ਬੋਲੀ ਬੋਲਦੇ ਸਨ ਪਰ ਪੰਜਾਬੀ ਬੋਲੀ ਸਮਝਦੇ ਸਨ। ਸੜਕਾਂ ਵੀ ਪੱਕੀਆਂ ਅਤੇ ਲੋੜ ਅਨੁਸਾਰ ਚੰਗੀਆਂ ਸਨ। ਤੀਜੇ ਦਿਨ ਅਸੀਂ ਇੱਥੋਂ 30 ਕੁ ਕਿਲੋਮੀਟਰ ਦੂਰ ਬਾਘੀ ਸਥਾਨ ਰਾਹੀਂ ਇੱਕ ਝੀਲ 'ਤੇ ਗਏ ਜੋਕਿ ਚਾਰੇ ਪਾਸਿਆਂ ਤੋਂ ਦੇਵਦਾਰ ਦੇ ਦਰਖਤਾਂ ਨਾਲ ਘਿਰੀ ਹੋਈ ਸੀ। ਇੱਥੇ ਕੁੱਝ ਦੇਰ ਠਹਿਰ ਕੇ ਨਾਰਕੰਡਾ ਦੇ ਲਾਗੇ ਹੀ ਹੇਤੂ ਮੰਦਰ ਗਏ ਜੋਕਿ ਬਹੁਤ ਪ੍ਰਭਾਵਸ਼ਾਲੀ ਸੀ। ਇੱਥੋਂ 360 ਡਿਗਰੀ 'ਤੇ ਹਰ ਪਾਸੇ ਦੇਖਿਆ ਜਾ ਸਕਦਾ ਸੀ। ਇਥੇ ਖੂਬ ਫੋਟੋਗ੍ਰਾਫੀ ਕਰ ਕੇ ਅਤੇ ਆਨੰਦ ਮਾਣ ਕੇ ਅਸੀਂ ਸ਼ਾਮ ਨੂੰ ਆਪਣੀਆਂ ਹਟਸ ਵਿੱਚ ਆ ਗਏ। ਇਸ ਸ਼ਾਮ ਨੂੰ ਥੋੜ੍ਹੀ ਥੋੜ੍ਹੀ ਬਾਰਸ਼ ਹੋਣ ਲੱਗੀ ਅਤੇ ਦਿਨ ਦੇ ਥਕੇਵੇਂ ਕਰ ਕੇ ਬਾਹਰ ਨਾ ਜਾ ਸਕੇ।

ਚੌਥੇ ਦਿਨ ਅਸੀਂ ਸਵੇਰੇ ਨਾਸ਼ਤਾ ਕਰ ਕੇ ਓਜੂਵਨ ਹਟਸ ਨੂੰ ਅਲਵਿਦਾ ਕਿਹਾ ਅਤੇ ਵਾਪਿਸ ਆ ਕੇ ਸਿਰਮੌਰ ਜ਼ਿਲ੍ਹੇ ਦੀ ਤਹਿਸੀਲ ਰਾਜਗੜ੍ਹ ਤੋਂ 10 ਕਿਲੋਮੀਟਰ ਦੂਰ ਐਗਜ਼ੋਟਿਕਾ ਹੋਟਲ ਵਿੱਚ ਪਹੁੰਚ ਗਏ। ਪਹਾੜੀ ਦੀ ਚੋਟੀ 'ਤੇ ਬਣਿਆ ਇਹ ਹੋਟਲ ਸਹੂਲਤਾਂਭਰਪੂਰ ਸੀ। ਇਸ ਦੇ ਆਲੇਦੁਆਲੇ ਦੇਵਦਾਰ ਅਤੇ ਫਲਾਂ ਦੇ ਦਰਖਤਾਂ ਦੀ ਭਰਮਾਰ ਸੀ। ਇੱਥੇ ਪਹਿਲਾ ਦਿਨ ਅਸੀਂ ਟੇਬਲ ਟੈਨਿਸ, ਕੈਰਨਬੋਰਡ ਅਤੇ ਸ਼ਤਰੰਜ ਜਿਹੀਆਂ ਇੰਨਡੋਰ ਖੇਡਾਂ ਖੇਡਦਿਆਂ ਬਿਤਾਇਆ ਅਤੇ ਸ਼ਾਮ ਨੂੰ ਕੁਦਰਤ ਦੀ ਵਿਸ਼ਾਲਤਾ ਦਾ ਆਨੰਦ ਮਾਣਿਆਂ। ਦੂਜੇ ਦਿਨ 30 ਕੁ ਕਿਲੋਮੀਟਰ ਦੂਰ ਇੱਕ ਛੋਟੀ ਜਿਹੀ ਨਦੀ ਦੇ ਕਿਨਾਰੇ ਬੈਠ ਕੇ ਇਸ ਦੇ ਸਵੱਛ ਪਾਣੀ ਦਾ ਮਜ਼ਾ ਲਿਆ। ਇਹ ਨਦੀ ਅੱਗੇ ਜਾ ਕੇ ਯਮੁਨਾ ਦਰਿਆ ਵਿੱਚ ਜਾ ਪੈਂਦੀ ਹੈ। ਇਹ ਸਥਾਨ ਰਾਜਗੜ੍ਹ-ਨਾਹਨ ਸੜਕ 'ਤੇ ਬੜੂ ਸਾਹਿਬ ਤੋਂ 5 ਕਿਲੋਮੀਟਰ ਪਹਿਲਾਂ ਹੈ। ਇੱਥੇ ਪਹਾੜ ਜ਼ਿਆਦਾ ਉੱਚੇ ਨਹੀਂ ਸਨ ਪਰ ਇਨ੍ਹਾਂ ਦੀ ਬਣਤਰ ਅਜੀਬ ਜਿਹੇ ਪੱਥਰ ਦੀ ਸੀ। ਕਈ ਥਾਵਾਂ 'ਤੇ ਕੋਲੇ ਦੀ ਸੁਆਹ ਜਿਹੇ ਪਦਾਰਥ ਦੀ ਭਰਮਾਰ ਸੀ। ਇਸ ਨਦੀ ਦੇ ਪਾਣੀ ਨੂੰ ਪਵਿੱਤਰ ਮੰਨਦਿਆਂ ਕੁੱਝ ਹਿੰਦੂ ਵੀਰਾਂ ਨੇ ਇਸ ਵਿੱਚ ਇਸ਼ਨਾਨ ਵੀ ਕੀਤਾ। ਸ਼ਾਮ ਨੂੰ 3 ਕੁ ਵਜੇ ਅਸੀਂ ਵਾਪਿਸ ਆ ਗਏ ਅਤੇ ਦੁਪਹਿਰ ਦਾ ਖਾਣਾ ਲੈਣ ਉਪਰੰਤ ਕੁੱਝ ਸਮਾਂ ਆਰਾਮ ਕਰ ਕੇ ਦੋ ਕੁ ਕਿਲੋਮੀਟਰ ਦੂਰ ਇਕ ਪਿੰਡ ਦੇ ਪ੍ਰਾਇਮਰੀ ਸਕੂਲ ਦੀ ਗਰਾਊਂਡ ਵਿੱਚ ਨੈਟ ਲਗਾ ਕੇ ਵਾਲੀਬਾਲ ਖੇਡ ਕੇ ਸਮਾਂ ਬਤੀਤ ਕੀਤਾ। ਇਹ ਪਿੰਡ ਸੀ ਤਾਂ ਬਹੁਤ ਛੋਟਾ ਜਿਹਾ ਪਰ ਸਕੂਲ ਦੀ ਦਿਖ ਤੋਂ ਜਾਪਦਾ ਸੀ ਕਿ ਲੋਕ ਬੜੇ ਹੀ ਚੇਤੰਨ ਅਤੇ ਸਿਆਣੇ ਸਨ। ਇਸ ਦੇ ਰਸਤੇ ਵਿੱਚ ਅਖਰੋਟ, ਆੜੂ, ਆਲੂਬੁਖਾਰਾ, ਸੇਬ ਅਤੇ ਖੁਰਮਾਨੀ ਦੇ ਦਰਖਤ ਫਲਾਂ ਨਾਲ ਭਰੇ ਪਏ ਸਨ। ਇੱਥੋਂ ਅਸੀਂ ਆੜੂ ਤੇ ਖੁਰਮਾਨੀ ਫਲਾਂ ਦੀਆਂ 3-3 ਕਿੱਲੋ ਦੀਆਂ ਪੇਟੀਆਂ ਘਰ ਲਈ ਲੈ ਕੇ ਆਏ। ਤੀਜੇ ਦਿਨ ਅਸੀਂ ਪਹਿਲਾਂ ਯੋਗ ਆਸਣ ਕਰਕੇ ਸਰੀਰ ਨੂੰ ਚੁਸਤ ਬਣਾਇਆ ਅਤੇ ਫਿਰ ਇੱਕ ਪਹਾੜੀ ਦੀ ਚੋਟੀ 'ਤੇ ਚੜ੍ਹ ਕੇ ਉੱਥੇ ਕੁਦਰਤ ਦੀ ਸੁੰਦਰਤਾ ਨੂੰ ਮਾਣਦਿਆਂ ਪਿਕਨਿਕ ਮਨਾਈ। ਇਸ ਦੇ ਸਭ ਪਾਸੇ ਸੇਬਾਂ ਦੇ ਢਕੇ ਹੋਏ ਦਰਖਤ ਮਨਮੋਹਕ ਨਜ਼ਾਰਾ ਪੇਸ਼ ਕਰ ਰਹੇ ਸਨ। ਸ਼ਾਮ ਨੂੰ ਹੋਟਲ ਦੇ ਕੈਂਪਸ ਵਿੱਚ ਹੀ ਕੈਂਪ ਫਾਇਰ ਕੀਤੀ ਗਈ ਜਿੱਥੇ ਧੂਣੀ ਲਗਾ ਕੇ ਇਸ ਦੁਆਲੇ ਭੰਗੜਾ ਪਾਇਆ ਗਿਆ ਅਤੇ ਗੀਤ-ਸੰਗੀਤ ਤੇ ਸੁਆਦਲੀਆਂ ਗੱਲਾਂ ਨਾਲ ਮਾਹੌਲ ਨੂੰ ਗਰਮਾਇਆ ਗਿਆ।

ਇਸ ਹੋਟਲ ਦੇ ਪਾਸ ਹੀ ਤਾਜ਼ਾ ਫਲਾਂ ਤੋਂ ਜੂਸ, ਚਟਣੀ ਅਤੇ ਜੈਮ ਤਿਆਰ ਕਰਨ ਵਾਲੀ 'ਭੂਇਰਾ' ਨਾਮ ਦੀ ਫੈਕਟਰੀ ਸੀ। ਇਸ ਨੂੰ ਮਹਿਲਾਵਾਂ ਦੀ ਇੱਕ ਸਹਿਕਾਰੀ ਸੰਸਥਾ ਚਲਾਉਂਦੀ ਹੈ। ਇਸ ਦੀਆਂ ਸਾਰੀਆਂ ਵਰਕਰਜ਼ ਔਰਤਾਂ ਹੀ ਹਨ। ਬਹੁਤ ਘੱਟ ਮਸ਼ੀਨਰੀ ਅਤੇ ਰਸਾਇਣਕ ਪਦਾਰਥਾਂ ਦੀ ਵਰਤੋਂ ਕਰ ਕੇ ਇੱਥੇ ਦੇਸੀ ਘਰੇਲੂ ਢੰਗ ਨਾਲ ਸਾਫ ਸੁਥਰੀਆਂ ਅਤੇ ਤਾਜ਼ੀਆਂ ਖੁਰਾਕੀ ਵਸਤੂਆਂ ਤਿਆਰ ਕੀਤੀਆਂ ਜਾਂਦੀਆਂ ਹਨ। ਗਰੀਬ ਸਥਾਨਿਕ ਔਰਤਾਂ ਲਈ ਇਹ ਬਹੁਤ ਹੀ ਵਧੀਆ ਉਪਰਾਲਾ ਹੈ। ਇਹੀ ਜਿਹੀਆਂ ਸੰਸਥਾਵਾਂ ਪੰਜਾਬ ਵਿੱਚ ਗਠਿਤ ਕਰਕੇ ਅਨਾਜ ਤੋਂ ਪੈਕਡ ਪਦਾਰਥ ਤਿਆਰ ਕੀਤੇ ਜਾ ਸਕਦੇ ਹਨ। ਇਸ ਫੈਕਟਰੀ ਤੋਂ ਅਸੀਂ ਕਈ ਡੱਬੇ ਜੈਮ ਤੇ ਚਟਣੀਆਂ ਦੇ ਘਰਾਂ ਨੂੰ ਲੈ ਕੇ ਆਏ। ਚੌਥੇ ਦਿਨ ਅਸੀਂ 9 ਕੁ ਵਜੇ ਵਾਪਸ ਚੱਲ ਪਏ ਅਤੇ 50 ਕੁ ਕਿਲੋਮੀਟਰ ਦਾ ਸਫਰ ਕਰ ਕੇ ਕੁਮਾਰ ਹੱਟੀ 'ਚ ਦੁਪਹਿਰ ਦਾ ਖਾਣਾ ਖਾ ਕੇ ਸ਼ਾਮ ਤੱਕ ਆਪਣੇ ਆਪਣੇ ਨਿਵਾਸ ਸਥਾਨਾਂ 'ਤੇ ਪਹੁੰਚ ਗਏ। ਇਹ ਰਮਣੀਕ ਸਥਾਨ ਚੰਡੀਗੜ੍ਹ ਤੋਂ ਕਰੀਬ 110 ਕਿਲੋਮੀਟਰ ਦੀ ਦੂਰੀ 'ਤੇ ਹੈ।

ਇਸ ਪ੍ਰਕਾਰ ਅਸੀਂ 7 ਦਿਨ ਕੁਦਰਤ ਦੀ ਮਹਾਨਤਾ ਅਤੇ ਸੁੰਦਰਤਾ ਨੂੰ ਮਾਨਣ ਵਿੱਚ ਬਿਤਾਏ। ਇਸ ਸਮੇਂ ਮੈਨੂੰ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਰੁੱਖਾਂ ਬਾਰੇ ਲਿਖੀ ਕਵਿਤਾ ਵਾਰ ਵਾਰ ਯਾਦ ਆਉਂਦੀ ਰਹੀ-

ਸਾਂਝੀ ਬੋਲੀ ਸਭ ਰੁੱਖਾਂ ਦੀ, ਦਿਲ ਕਰਦਾ ਲਿਖ
ਮੇਰਾ ਵੀ ਇਹ ਦਿਲ ਕਰਦਾ ਏ, ਰੁੱਖ ਦੀ ਜੂਨੇ ਆਵਾਂ।
ਜੇ ਤੁਸੀਂ ਮੇਰਾ ਗੀਤ ਏ ਸੁਣਨਾ, ਮੈਂ ਰੁੱਖਾਂ ਵਿੱਚ ਗਾਵਾਂ।
ਰੁੱਖ ਤਾਂ ਮੇਰੀ ਮਾਂ ਵਰਗੇ ਨੇ, ਜਿਊਣ ਰੁੱਖਾਂ ਦੀਆਂ ਛਾਵਾਂ।

ਇਹ ਪਹਾੜੀ ਯਾਤਰਾ ਇਲਾਕਿਆਂ, ਬੋਲੀਆਂ, ਜਾਤਾਂ ਅਤੇ ਸਮਾਜਿਕ ਰੁਤਬਿਆਂ ਨੂੰ ਪਾਰ ਕਰ ਕੇ ਮਨੁੱਖਤਾ ਤੇ ਕੁਦਰਤ ਦੀ ਮਹਾਨਤਾ ਨੂੰ ਉਜਾਗਰ ਕਰਨ ਵਿੱਚ ਸਹਾਈ ਸਿੱਧ ਹੋਈ। ਇਹ ਯਾਤਰੂਆਂ ਨੂੰ ਮਨੁੱਖੀ ਜੀਵਨ ਦਾ ਸਲੀਕਾ ਸਿਖਾਉਣ ਵਿੱਚ ਕਾਮਯਾਬ ਹੋਈ। ਇਸ ਲਈ ਯੋਗ ਪ੍ਰਬੰਧਕ ਸ਼ਲਾਘਾ ਦੇ ਪਾਤਰ ਹਨ।

ਡਾ. ਰਣਜੀਤ ਸਿੰਘ ਤੰਬੜ
ਲੁਧਿਆਣਾ

ਹੱਸਦਿਆਂ ਦੇ ਘਰ ਵਸਦੇ

ਇਨਸਾਨ ਅਤੇ ਸੰਸਾਰ ਦੇ ਬਾਕੀ ਜੀਵ ਜੰਤੂਆਂ ਵਿੱਚ ਮੁੱਖ ਵਖਰੇਵਾਂ ਇਹ ਹੈ ਕਿ ਇਨਸਾਨ ਕੋਲ ਬਾਣੀ ਅਤੇ ਹੱਸਣ ਦੀ ਸ਼ਕਤੀ ਹੈ ਜਦੋਂ ਕਿ ਬਾਕੀ ਜੀਵ-ਜੰਤੂ ਇਨ੍ਹਾਂ ਗੁਣਾਂ ਤੋਂ ਵਿਹੂਣੇ ਹਨ। ਬਾਣੀ ਦੀ ਸ਼ਕਤੀ ਨਾਲ ਹੀ ਰਿਸ਼ਤਿਆਂ ਦੀ ਪਹਿਚਾਣ ਹੋਈ ਤੇ ਸਮਾਜ ਹੋਂਦ ਵਿੱਚ ਆਇਆ। ਮੁਸਕਰਾਹਟ ਅਤੇ ਹੱਸਣ ਨਾਲ ਆਪਸੀ ਪਿਆਰ ਵਿੱਚ ਵਾਧਾ ਹੋਇਆ ਤੇ ਰਿਸ਼ਤੇ ਮਜ਼ਬੂਤ ਹੋਏ। ਕਦੇ ਸਮਾਂ ਸੀ ਮਨੁੱਖ ਆਪਣੇ ਸਾਰੇ ਕਾਰੋਬਾਰ ਰਲਮਿਲ ਕੇ ਭਾਈਚਾਰੇ ਦੇ ਰੂਪ ਵਿੱਚ ਕਰਦਾ ਸੀ। ਵਿਗਿਆਨਕ ਵਿਕਾਸ ਨਾਲ ਜਿੱਥੇ ਸੁੱਖ ਸਹੂਲਤਾਂ ਵਿੱਚ ਵਾਧਾ ਹੋਇਆ ਉੱਥੇ ਇੱਕ ਦੂਜੇ ਉੱਤੇ ਨਿਰਭਰਤਾ ਵੀ ਘਟ ਗਈ। ਸੰਸਾਰ ਵਿੱਚ ਪੈਸਾ ਪ੍ਰਧਾਨ ਹੋ ਗਿਆ ਅਤ ਸਾਰਾ ਕਾਰੋਬਾਰ ਪੈਸੇ ਨਾਲ ਹੋਣ ਲਗ ਪਿਆ। ਹੌਲੀ ਹੌਲੀ ਮਨੁੱਖ ਆਪੇ ਵਿੱਚ ਹੀ ਸੁੰਗੜ ਕੇ ਰਹਿ ਗਿਆ। ਸਾਂਝੇ ਪਰਿਵਾਰ ਟੁੱਟ ਰਹੇ ਹਨ, ਰਲਮਿਲ ਕੇ ਕੰਮ ਕਰਨ ਦੀ ਲੋੜ ਖਤਮ ਹੋ ਰਹੀ ਹੈ। ਮਾਇਆ ਦੀ ਦੌੜ ਵਿੱਚ ਮਨੁੱਖ ਇੰਨਾਂ ਰੁੱਝ ਗਿਆ ਹੈ ਕਿ ਪਰਿਵਾਰਕ ਮੈਂਬਰਾਂ ਨਾਲ ਬੈਠ ਕੇ ਹੱਸਣ ਖੇਡਣ ਦਾ ਸਮਾਂ ਨਹੀਂ ਮਿਲ ਰਿਹਾ। ਇੰਝ ਜੀਵਨ ਵਿੱਚੋਂ ਹਾਸਾ ਗਾਇਬ ਹੋ ਰਿਹਾ ਹੈ। ਮਨੁੱਖਾਂ ਅੰਦਰ ਵਧ ਰਹੀਆਂ ਬਿਮਾਰੀਆਂ ਦਾ ਮੁੱਖ ਕਾਰਨ ਇਕੱਲਤਾ, ਘੁਟਣ ਅਤੇ ਖੁਲ੍ਹ ਕੇ ਹੱਸਣ ਦਾ ਮਨਫ਼ੀ ਹੋਣਾ ਹੈ। ਚਿਹਰਿਆਂ ਉੱਤੇ ਮੁਸਕਰਾਹਟ ਗਾਇਬ ਹੋ ਰਹੀ ਹੈ। ਖੁਲ੍ਹ ਕੇ ਹੱਸਣ ਨਾਲ ਜਿੱਥੇ ਸਰੀਰ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ ਉੱਥੇ ਚਿਹਰੇ ਦੀ ਮੁਸਕਰਾਹਟ ਆਪਸੀ ਸਾਂਝ ਅਤੇ ਪਿਆਰ ਵਿੱਚ ਵਾਧਾ ਕਰਦੀ ਹੈ। ਮੁਸਕ੍ਰਾਹਟ ਇੱਕ ਅਜਿਹੀ ਭਾਸ਼ਾ ਹੈ ਜਿਸ ਨੂੰ ਸਾਰੇ ਹੀ ਸਮਝਦੇ ਹਨ। ਇਸੇ ਕਰਕੇ ਇਸ ਨੂੰ ਸੰਸਾਰ ਭਾਸ਼ਾ ਵੀ ਆਖਿਆ ਜਾਂਦਾ ਹੈ। ਰੋਜ਼ਾਨਾਂ ਖੁਲ੍ਹ ਕੇ ਹੱਸਣ ਨਾਲ ਕੇਵਲ ਸਰੀਰ ਹੀ ਤੰਦਰੁਸਤ ਨਹੀਂ ਰਹਿੰਦਾ ਸਗੋਂ ਉਮਰ ਵਿੱਚ ਵਾਧਾ ਵੀ ਹੁੰਦਾ ਹੈ। ਆਪਸੀ ਸਾਂਝ ਬਣਦੀ ਹੈ ਅਤੇ ਜੀਵਨ ਵਿੱਚ ਕੁੱਝ ਨਵਾਂ ਕਰਨ ਲਈ ਉਤਸ਼ਾਹ ਪੈਦਾ ਹੁੰਦਾ ਹੈ। ਹਾਸਾ ਗੁੱਸੇ ਅਤੇ ਦੁੱਖ ਦਰਦ ਦਾ ਵੈਰੀ ਹੈ, ਸਰੀਰ ਨੂੰ ਚੁਸਤ ਅਤੇ ਦਰੁਸਤ ਰਖਦਾ ਹੈ, ਸੰਸਾਰ ਵਿੱਚ ਉਨ੍ਹਾਂ ਕੌਮਾਂ ਨੇ ਹੀ ਵਿਕਾਸ ਕੀਤਾ ਹੈ ਜਿਹੜੀਆਂ ਆਪਣੇ ਆਪ ਉੱਤੇ ਹੱਸਣਾ ਜਾਣਦੀਆਂ ਹਨ। ਇਸ ਨਾਲ ਸਰੀਰ ਵਿੱਚ ਇੱਕ ਰਸਾਇਣ ਜਿਸਨੂੰ ਇੰਡੋਫਿਲਨਸ ਆਖਿਆ ਜਾਂਦਾ ਹੈ, ਬਣਦਾ ਹੈ ਜਿਹੜਾ ਚਿੰਤਾ, ਤਣਾਵ ਅਤੇ ਉਦਾਸੀ ਨੂੰ ਦੂਰ ਕਰਦਾ ਹੈ। ਕੁਦਰਤ ਵਲੋਂ ਬਖਸ਼ੀ ਇਸ ਦਾਤ ਦੀ ਖੁਲ੍ਹ ਕੇ ਵਰਤੋਂ ਕੀਤਿਆਂ ਅਸੀਂ ਆਪਣੇ ਆਪ ਨੂੰ ਹੀ ਅਨੰਦਿਤ ਨਹੀਂ ਰਖਦੇ ਬਲਕਿ ਆਪਣੇ ਚੌਗਿਰਦੇ ਨੂੰ ਵੀ ਖ਼ੁਸ਼ਗਵਾਰ ਬਣਾ ਸਕਦੇ ਹਾਂ।

ਇਕ ਵਿਗਿਆਨਕ ਸੋਚ ਅਨੁਸਾਰ ਮਨੁੱਖ ਬਾਂਦਰ ਦਾ ਵਿਕਸਿਤ ਰੂਪ ਹੈ। ਜਦੋਂ ਉਸ ਦੇ ਪਿੱਛੇ ਪੂਛ ਖ਼ਤਮ ਹੋ ਗਈ ਤਾਂ ਇਹ ਇਨਸਾਨ ਬਣ ਗਿਆ। ਪਰ ਬਦਕਿਸਮਤੀ ਕਿ ਹੁਣ ਵੀ ਇਨਸਾਨ ਉਸੇ ਪੂਛ ਨੂੰ ਝੂਰਦਾ ਫਿਰਦਾ ਹੈ। ਉਹ ਹਮੇਸ਼ਾਂ ਇਸੇ ਕੋਸ਼ਿਸ਼ ਵਿੱਚ ਲੱਗਾ ਰਹਿੰਦਾ ਹੈ ਕਿ ਉਸ ਦੇ ਪਿੱਛੇ ਕੋਈ ਪੂਛ ਲਗ ਜਾਵੇ ਪਰ ਜਦੋਂ ਕਿਸੇ ਦੂਜੇ ਪਿੱਛੇ ਪੂਛ ਲਗ ਜਾਵੇ ਤਾਂ ਖੁਸ਼ ਹੋਣ ਦੀ ਥਾਂ ਉਹ ਈਰਖਾ ਕਰਨ ਲਗਦਾ ਹੈ, ਉਸ ਦੀ ਨਿੰਦਿਆ ਕਰਦਾ ਹੈ ਅਤੇ ਟੰਗ ਖਿਚਾਈ ਦਾ ਹਰ ਸੰਭਵ ਯਤਨ ਕਰਦਾ ਹੈ। ਅਜਿਹੀ ਮਾਨਸਿਕ ਸਥਿਤੀ ਵਿੱਚ ਉਸ ਦੇ ਬੁਲ੍ਹਾਂ ਉੱਤੇ ਮੁਸਕ੍ਰਾਹਟ ਕਿਵੇਂ ਆ ਸਕਦੀ ਹੈ। ਉਹ ਖੁਲ੍ਹ ਕੇ ਕਿਵੇਂ ਹੱਸ ਸਕਦਾ ਹੈ। ਸਾਨੂੰ ਯਾਦ ਹੋਣਾ ਚਾਹੀਦਾ ਹੈ ਕਿ ਪੂਛ ਖਤਮ ਨਾਲ ਹੀ ਇਨਸਾਨ ਬਣੇ ਹਾਂ ਫਿਰ ਮੁੜ ਕੇ ਪੂਛ ਲਈ ਇੰਨੀ ਭੱਜਦੌੜ ਕਿਉਂ ਕੀਤੀ ਜਾਂਦੀ ਹੈ। ਈਰਖਾ, ਸਾੜਾ, ਝੂਰਨਾ ਅਤੇ ਚੁਗਲੀ ਵਰਗੇ ਦੁਸ਼ਮਣਾਂ ਦੇ ਘੇਰੇ ਵਿੱਚ ਆ ਕੇ ਅਸੀਂ ਆਪਣੇ ਹੱਥੀਂ ਖੁਸ਼ੀ ਨੂੰ ਤਿਆਗ ਦਿੰਦੇ ਹਾਂ ਅਜਿਹਾ ਮਨੁੱਖ ਆਪਣੇ ਪਰਿਵਾਰਕ ਮੈਂਬਰਾਂ ਅਤੇ ਸੰਗੀ ਸਾਥੀਆਂ ਨਾਲ ਬੈਠ ਕੇ ਕਦੇ ਵੀ ਖੁਲ੍ਹ ਕੇ ਹੱਸ ਨਹੀਂ ਸਕਦਾ। ਇਸ ਸੋਚ ਦਾ ਹੌਲੀ ਹੌਲ਼ੀ ਅਜਿਹਾ ਅਸਰ ਹੁੰਦਾ ਹੈ ਕਿ ਈਰਖਾ, ਚੁਗਲੀ, ਗੁੱਸਾ, ਜੀਵਨ ਦਾ ਅੰਗ ਬਣ ਜਾਂਦੇ ਹਨ। ਹੱਸਣਾ ਤੇ ਖੁਸ਼ ਰਹਿਣਾ ਜੀਵਨ ਵਿੱਚੋਂ ਅਲੋਪ ਹੋ ਜਾਂਦੇ ਹਨ। ਜੇਕਰ ਅਜਿਹਾ ਮਨੁੱਖ ਕਦੇ ਹੱਸਦਾ ਵੀ ਹੈ ਤਾਂ ਉਹ ਦੂਸਰਿਆਂ ਦੀ ਬੇਵਸੀ, ਲਾਚਾਰੀ ਜਾਂ ਅਸਫਲਤਾ ਉੱਤੇ ਹੱਸਦਾ ਹੈ। ਇੰਝ ਉਸ ਦੀ ਸੋਚ ਬਿਮਾਰ ਹੋ ਜਾਂਦੀ ਹੈ। ਕਦੇ ਵੀ ਕਿਸੇ ਦੀ ਬੇਵਸੀ, ਲਾਚਾਰੀ ਜਾਂ ਦੁਖ ਵੇਖ ਕੇ ਹੱਸਣਾ ਨਹੀਂ ਚਾਹੀਦਾ।

ਖੁਲ੍ਹ ਕੇ ਹੱਸਣ ਤੋਂ ਉਦੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ ਜਦੋਂ ਤੁਸੀਂ ਕਿਸੇ ਅਜਿਹੀ ਬਿਮਾਰੀ ਦੇ ਮਰੀਜ਼ ਹੋਵੋਂ ਜਿਸ ਵਿੱਚ ਹੱਸਣ ਨਾਲ ਵਾਧਾ ਹੋ ਸਕਦਾ ਹੈ। ਜਦੋਂ ਰਕਤਚਾਪ ਵੱਧ ਹੋਵੇ, ਦਿਲ ਦਾ ਮਰੀਜ਼ ਹੋਵੇ ਜਾਂ ਕਿਸੇ ਹੋਰ ਅਜਿਹੀ ਬਿਮਾਰੀ ਸਮੇਂ ਖੁਲ੍ਹ ਕੇ ਨਹੀਂ ਹੱਸਣਾ ਚਾਹੀਦਾ। ਅੱਜ ਕਲ੍ਹ ਹੱਸਣ ਦੀ ਘਾਟ ਨੂੰ ਪੂਰਾ ਕਰਨ ਲਈ ਕਈ ਥਾਂਈਂ ਹੱਸਣ ਕਲੱਬ ਬਣ ਰਹੇ ਹਨ, ਜਿੱਥੇ ਮੈਂਬਰ ਇਕੱਠੇ ਹੋ ਕੇ ਖੁਲ੍ਹ ਕੇ ਹੱਸਦੇ ਹਨ। ਕੋਸ਼ਿਸ਼ ਇਹੋ ਹੋਣੀ ਚਾਹੀਦੀ ਹੈ ਕਿ ਕੁਦਰਤੀ ਹਾਸਾ ਹੱਸਿਆ ਜਾਵੇ, ਮੁਸਕ੍ਰਾਹਟ ਤੁਹਾਡੇ ਬੁਲ੍ਹਾਂ ਉੱਤੇ ਹੋਣੀ ਚਾਹੀਦੀ ਹੈ। ਜਦੋਂ ਤੁਸੀਂ ਆਪਣੇ ਘਰ ਵੜੋਂ ਤਾਂ ਮੁਸਕ੍ਰਾਹਟ ਨਾਲ ਲੈ ਕੇ ਆਵੋ। ਦਫ਼ਤਰ ਵਿੱਚ ਆ ਕੇ ਵੀ ਸਾਰਿਆਂ ਨਾਲ ਮੁਸਕਰਾ ਕੇ ਗੱਲ ਕਰੋ। ਕਿਸੇ ਮੀਟਿੰਗ ਵਿੱਚ ਵੀ ਮੁਸਕ੍ਰਾਹਟ ਸਮੇਤ ਖਿੜੇ ਮੱਥੇ ਜਾਵੋ। ਤੁਹਾਡੇ ਚਿਹਰੇ ਦੀ ਮੁਸਕ੍ਰਾਹਟ ਤੁਹਾਡੀ ਸਫ਼ਲਤਾ ਦੀ ਨੀਂਹ ਰੱਖ ਦਿੰਦੀ ਹੈ। ਪੰਜਾਬੀ ਦੀ ਪ੍ਰਸਿੱਧ ਕਹਾਵਤ ਨੂੰ

ਹਮੇਸ਼ਾਂ ਯਾਦ ਰੱਖੋ- "ਹੱਸਦਿਆਂ ਦੇ ਘਰ ਵੱਸਦੇ"। ਇਸੇ ਤਰ੍ਹਾਂ ਇੱਕ ਲੋਕ ਬੋਲੀ ਨੂੰ ਆਪਣੇ ਚੇਤੇ ਵਿੱਚ ਵਸਾਇਆ ਜਾਵੇ- " ਉਹ ਦੇ ਨਾਲ ਕੀ ਬੋਲਣਾ, ਜਿਹਦੇ ਪਿਆ ਮੱਥੇ ਵੱਟ ਰਹਿੰਦਾ"

ਮਨੁੱਖੀ ਜੀਵਨ ਅਨਮੋਲ ਹੈ। ਜੇਕਰ ਇਸ ਦੇ ਹਰ ਪਲ ਦਾ ਆਨੰਦ ਲੈਣਾ ਹੈ ਤਾਂ ਹੱਸਣਾ ਸਿੱਖੋ। ਚਿਹਰੇ ਦੀ ਮੁਕ੍ਰਾਹਟ ਰਿਸ਼ਤਿਆਂ ਨੂੰ ਜੋੜਦੀ ਹੈ, ਦੋਸਤੀ ਦਾ ਘੇਰਾ ਵੱਡਾ ਹੁੰਦਾ ਹੈ, ਸੰਗੀ ਸਾਥੀਆਂ ਦਾ ਸਾਥ ਤੇ ਪਿਆਰ ਮਿਲਦਾ ਹੈ ਤੇ ਘਰੋਗੀ ਮਾਹੌਲ ਖ਼ੁਸ਼ਗਵਾਰ ਬਣ ਜਾਂਦਾ ਹੈ। ਫਿਰ ਕਿਉਂ ਨਾ ਚਿਹਰੇ 'ਤੇ ਮੁਸਕ੍ਰਾਹਟ ਨੂੰ ਰੱਖਿਆ ਜਾਵੇ। ਮੱਥੇ ਵੱਟ ਪਾਉਣ ਲਈ ਮੁਸਕ੍ਰਾਹਟ ਤੋਂ ਵੱਧ ਸ਼ਕਤੀ ਵਰਤੀ ਜਾਂਦੀ ਹੈ ਤੇ ਇਸ ਨਾਲ ਰਿਸ਼ਤਿਆਂ ਵਿੱਚ ਤ੍ਰੇੜਾਂ ਆਉਂਦੀਆਂ ਹਨ, ਦੋਸਤਾਂ ਦਾ ਘੇਰਾ ਸੁੰਗੜਦਾ ਹੈ, ਕੰਮ-ਕਾਜੀ ਮਾਹੌਲ ਵਿੱਚ ਤਣਾਅ ਬਣਿਆਂ ਰਹਿੰਦਾ ਹੈ, ਫਿਰ ਭਲਾ ਮੱਥੇ ਵੱਟ ਪਾ ਕੇ ਆਪਣੇ ਆਪ ਨੂੰ ਦੁਖੀ ਕਿਉ ਕੀਤਾ ਜਾਵੇ? ਜੇਕਰ ਸਫ਼ਲ ਸੁਖਾਵਾਂ ਜੀਵਨ ਜਿਊਣਾ ਹੈ, ਜੀਵਨ ਦੇ ਹਰ ਪਲ ਦਾ ਆਨੰਦ ਮਾਣਨਾ ਹੈ ਤਾਂ, ਹਮੇਸ਼ਾਂ ਖੁਸ਼ ਰਹੋ। ਦੁੱਖ ਸਮੇਂ ਵੀ ਚਿਹਰੇ 'ਤੇ ਮੁਸਕ੍ਰਾਹਟ ਰੱਖੋ, ਦੁਖ ਘਟ ਜਾਵੇਗਾ। ਆਪਣੇ ਪਰਿਵਾਰ ਨਾਲ ਕੁੱਝ ਸਮਾਂ ਜ਼ਰੂਰ ਬਿਤਾਓ। ਖੁਲ੍ਹ ਕੇ ਹੱਸੋ, ਪਰਿਵਾਰਕ ਮੈਂਬਰਾਂ ਨਾਲ ਦੋਸਤੀ ਪੱਕੀ ਹੋਵੇਗੀ। ਕਿਸੇ ਦੇ ਰੁੱਖੇ ਬੋਲਾਂ ਦਾ ਉੱਤਰ ਵੀ ਮੁਸਕ੍ਰਾਹਟ ਨਾਲ ਦੇਵੋ, ਅਗਲਾ ਆਪਣੇ ਆਪ ਸ਼ਰਮਿੰਦਾ ਹੋ ਜਾਵੇਗਾ। ਫਿਰ ਕਿਸੇ ਪਤਨੀ ਨੂੰ ਆਪਣੇ ਪਤੀ ਦੇ ਮੱਥੇ ਉੱਤੇ ਪਏ ਰਹਿੰਦੇ ਵੱਟਾਂ ਨੂੰ ਵੇਖ ਕੇ ਇਹ ਨਹੀਂ ਆਖਣਾ ਪਵੇਗਾ-" ਆਖੀਂ ਨੀ ਨਣਦੇ ਆਪਣੇ ਵੀਰ ਨੂੰ, ਕਦੇ ਤਾਂ ਭੈੜਾ ਹੱਸਿਆ ਕਰੇ"। ਦਫ਼ਤਰ ਜਾਂ ਕਾਰੋਬਾਰੀ ਥਾਂ ਸਾਰਿਆਂ ਦੇ ਦੁੱਖ-ਸੁੱਖ ਵਿੱਚ ਭਾਗੀਦਾਰ ਬਣੋ। ਇੰਝ ਸਾਰੇ ਪਾਸੇ ਖੁਸ਼ੀ ਦਾ ਮਾਹੌਲ ਬਣ ਜਾਵੇਗਾ। ਰਲ਼ ਕੇ ਬੈਠੋ, ਖੁਲ੍ਹ ਕੇ ਹੱਸੋ ਅਤੇ ਹਮੇਸ਼ਾਂ ਖੁਸ਼ੀ ਦਾ ਆਨੰਦ ਮਾਣੋ।

❊ ❊ ❊ ❊ ❊

ਵਧਾਈ

ਸੈਣੀ ਬਰਾਦਰੀ ਲਈ ਅਤਿ ਮਾਣ ਦੀ ਗੱਲ ਹੈ ਕਿ ਇਸ ਦੇ ਇੱਕ ਬੁੱਧੀਮਾਨ ਤੇ ਸਫ਼ਲ ਪ੍ਰਬੰਧਕ ਅਜੈਪਾਲ ਸਿੰਘ ਬੰਗਾ ਨੂੰ ਅਮਰੀਕਾ ਦੀ 'ਗਰੇਟ ਇਮੀਗਰੈਂਟਸ' ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਉਹ ਇਸ ਵਰ੍ਹੇ ਸਨਮਾਨਿਤ ਹੋਣ ਵਾਲੇ ਇਕੱਲੇ ਭਾਰਤੀ ਹਨ। ਵਨਣਨਯੋਗ ਹੈ ਕਿ

ਇਹ ਸਿੱਖ ਸਰਦਾਰ ਇਸ ਸਮੇਂ ਵਿਸ਼ਵ ਬੈਂਕ ਦੇ ਪ੍ਰਧਾਨ ਹਨ। ਆਪ ਦਾ ਪਿਛੋਕੜ ਪੰਜਾਬ ਦੇ ਪਿੰਡ ਸੂਰਾਪੁਰ ਦਾ ਹੈ ਅਤੇ ਉਹ ਭਾਰਤ ਤੋਂ ਬਿਜ਼ਨਸ ਮੈਨੇਜਮੈਂਟ ਦੀ ਉੱਚ ਸਿੱਖਿਆ ਹਾਸਲ ਕਰਕੇ ਵਿਦੇਸ਼ ਚਲੇ ਗਏ ਸਨ ਜਿੱਥੇ ਕਿ ਮਾਸਟਰ ਕਾਰਡ ਕੰਪਨੀ, ਪੀਜ਼ਾ ਹੱਟ, ਕੇਐਫ਼ਸੀ ਅਤੇ ਪੈਪਸੀਕੋ ਕੰਪਨੀਆਂ ਵਿਚ ਉੱਚ ਅਹੁਦਿਆਂ 'ਤੇ ਰਹਿ ਚੁੱਕੇ ਹਨ

.....ਸਫ਼ਾ 25 ਦੀ ਬਾਕੀ

ਦੀ ਲੋੜ ਹੈ ਕਿ ਅਸੀਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਕਿੰਨਾਂ ਕੁ ਅਮਲ ਕੀਤਾ ਹੈ। ਸਾਡੇ ਕੋਲ ਬਹੁਤ ਸ਼ਕਤੀਸ਼ਾਲੀ ਸਿਧਾਂਤ ਤੇ ਵਿਚਾਰਧਾਰਾ ਹੋਣ ਦੇ ਬਾਵਜੂਦ ਅਸੀਂ ਦੂਜਿਆਂ ਲਈ ਉਦਾਹਰਣ ਨਹੀਂ ਬਣ ਸਕੇ।

ਪੰਜਾਬ ਦੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਬਾਬਿਆਂ, ਤਾਂਤਰਿਕਾਂ, ਚੇਲਿਆਂ ਤੇ ਪੁੱਛਾਂ ਦੇਣ ਵਾਲਿਆਂ ਦੇ ਡੇਰੇ ਸਥਾਪਿਤ ਹੀ ਨਹੀਂ ਹੋਏ ਸਗੋਂ ਚੰਗੇ ਵਧ ਫੁੱਲ ਰਹੇ ਹਨ ਤੇ ਖੁਬ ਕਾਰੋਬਾਰ ਚਲਾ ਰਹੇ ਹਨ। ਸਿੱਖ ਧਰਮ ਨੂੰ ਮੰਨਣ ਵਾਲੇ ਹਜ਼ਾਰਾਂ ਸ਼ਰਧਾਲੂ ਵੀ ਅਜਿਹੇ ਵਹਿਮਾਂ ਭਰਮਾਂ ਤੇ ਤਰਕਹੀਣ ਵਿਚਾਰਾਂ ਵਾਲੇ ਡੇਰਿਆਂ ਉੱਤੇ ਭਟਕਦੇ ਦੇਖੇ ਜਾ ਸਕਦੇ ਹਨ। ਇਸ ਦਾ ਭਾਵ ਤਾਂ ਇਹੀ ਹੈ ਕਿ ਅਸੀਂ ਕੇਵਲ ਸਿਰ ਝੁਕਾਉਣ ਤੱਕ ਹੀ ਸੀਮਤ ਹਾਂ। ਗੁਰਦੁਆਰਿਆਂ ਨੂੰ ਅਜਿਹੇ ਵਹਿਮਾਂ ਭਰਮਾਂ ਦੇ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਹਰ ਗੁਰਦੁਆਰੇ ਵਿੱਚ ਇੱਕ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਜਾਵੇ। ਨੌਜਵਾਨਾਂ ਨੂੰ ਪ੍ਰੇਰਤ ਕਰ ਕੇ ਪੜ੍ਹਾਈ ਤੇ ਖੇਡਾਂ ਵੱਲ ਲਗਾਉਣਾ ਸਾਡੀ ਪਹਿਲ ਹੋਣੀ ਚਾਹੀਦੀ ਹੈ। ਗੁਰਦੁਆਰੇ ਦੇ ਮੰਚ ਤੋਂ ਨਸ਼ਿਆਂ ਜਿਹੀਆਂ ਬੁਰਾਈਆਂ ਵਿਰੁੱਧ ਆਵਾਜ਼ ਉਠਾਈ ਜਾਣੀ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ।

ਗੁਰਦੁਆਰਾ ਮਾਨਵਤਾ ਦਾ ਕੇਂਦਰ ਹੈ ਜਿੱਥੇ ਬਿਨਾਂ ਕਿਸੇ ਵਿਤਕਰੇ ਦੇ ਹਰ ਕੋਈ ਨਤਮਸਤਕ ਹੋ ਸਕਦਾ ਹੈ। ਹਰ ਮਨੁੱਖ ਨੂੰ ਬਰਾਬਰੀ ਦਾ ਹੱਕ ਦੇਣਾ ਤੇ ਉਸ ਦੇ ਅਧਿਕਾਰਾਂ ਦੀ ਕਦਰ ਕਰਨਾ ਗੁਰਮਤਿ ਵਿਚਾਰਧਾਰਾ ਦਾ ਵਿਸ਼ੇਸ਼ ਗੁਣ ਹੈ। ਸੰਸਾਰ ਵਿੱਚ ਮਾਨਵੀ ਅਧਿਕਾਰਾਂ ਦੀ ਰਾਖੀ ਲਈ ਅਨੇਕਾਂ ਜਥੇਬੰਦੀਆਂ ਕੰਮ ਕਰ ਰਹੀਆਂ ਹਨ, ਪਰ ਗੁਰੂ ਸਾਹਿਬਾਨ ਨੇ ਤਾਂ ਕਈ ਸਦੀਆਂ ਪਹਿਲਾਂ ਮਾਨਵੀ ਅਧਿਕਾਰਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਸੀ। ਗੁਰਮਤਿ, ਮਾਨਵਵਾਦੀ ਵਿਚਾਰਧਾਰਾ ਦਾ ਝੰਡਾ-ਬਰਦਾਰ ਹੈ। ਵਿਸ਼ਵ ਚੇਤਨਾ ਵਾਲੀ ਇਸ ਵਿਚਾਰਧਾਰਾ ਨੂੰ ਲੋਕ ਮਨਾਂ ਵਿੱਚ ਵਸਾਉਣ ਲਈ ਗੁਰਦੁਆਰੇ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ। ਗੁਰਦੁਆਰੇ ਸੰਵਾਦ ਦਾ ਕੇਂਦਰ ਬਣਨੇ ਚਾਹੀਦੇ ਹਨ। ਗੁਰਬਾਣੀ ਦੇ ਸਿਧਾਂਤਾਂ ਤੇ ਮੂਲ ਸਰੋਕਾਰਾਂ ਬਾਰੇ ਵਿਚਾਰ ਚਰਚਾ ਕਰ ਕੇ ਅਜੋਕੇ ਸਮਿਆਂ ਵਿੱਚ ਮਨੁੱਖ ਨੂੰ ਤਰਪੇਸ਼ ਮਸਲਿਆਂ ਦੇ ਹਲ ਲਈ ਸੇਵਾ ਲਈ ਜਾ ਸਕਦੀ ਹੈ। ਫੋਕਟ ਕਰਮਾਂ ਨੂੰ ਤਿਆਗ ਕੇ ਇਸ ਮਾਨਵਵਾਦੀ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਅਜੋਕੀ ਜੀਵਨ-ਜਾਚ ਨੂੰ ਸਚਿਆਰਾ ਬਣਾਉਣ ਦੀ ਜੁਗਤ ਅਪਣਾਉਣ ਦੀ ਵਿਸ਼ੇਸ਼ ਲੋੜ ਹੈ।

❊ ❊ ❊ ❊ ❊

ਦੁਨੀਆਂ ਦੇ ਸਭ ਤੋਂ ਭਾਰੇ ਵਿਅਕਤੀ

* ਅਮਰੀਕਾ ਦਾ **ਜੌਨ ਬਰੋਵਰ ਮਿਨੌਚ** (1941-1983) ਜਿਸ ਦਾ ਭਾਰ 635 ਕਿਲੋਗ੍ਰਾਮ ਸੀ।

ਅਮਰੀਕਾ ਦੀ ਔਰਤ **ਕਾਰੋਲ ਐਨ ਯੇਗਰ** (1960-1994), ਜਿਸ ਦਾ ਭਾਰ 727 ਕਿਲੋਗ੍ਰਾਮ ਸੀ।

ਡਾ. ਜਸਵੰਤ ਕੌਰ
ਸੈਣੀ ਭਵਨ, ਰੂਪਨਗਰ

ਭਾਰਤ ਦਾ ਨਵਾਂ ਸੰਸਦੀ ਭਵਨ

28 ਮਈ, 2023 ਨੂੰ ਭਾਰਤ ਦਾ ਨਵਾਂ ਸੰਸਦੀ ਭਵਨ ਹੋਂਦ ਵਿੱਚ ਆ ਗਿਆ ਹੈ। ਇਸ ਨੇ 96 ਸਾਲ ਪੁਰਾਣੇ ਸੰਸਦੀ ਭਵਨ ਦਾ ਸਥਾਨ ਲਿਆ ਹੈ ਜੋ ਸਮਾਂ ਬਦਲਣ ਨਾਲ ਨਾਕਾਫੀ ਅਤੇ ਸਹੂਲਤਾਂਰਹਿਤ ਮਹਿਸੂਸ ਹੋ ਰਿਹਾ ਸੀ। ਕੁੱਲ 64500 ਵਰਗਮੀਟਰ ਜਗਾਹ ਵਾਲੀ ਇਹ ਨਵੀਂ ਇਮਾਰਤ ਪੁਰਾਣੀ ਨਾਲੋਂ ਕਰੀਬ 17 ਹਜ਼ਾਰ ਵਰਗਮੀਟਰ ਹੈ ਵੱਡੀ ਹੈ। ਚਾਰ-ਮੰਜ਼ਿਲਾ ਇਸ ਭਵਨ ਦੀ ਉਚਾਈ ਪਹਿਲੇ ਜਿੰਨੀ ਹੀ 39.6 ਮੀਟਰ ਹੈ ਪਰ ਸ਼ਕਲ ਗੋਲਾਕਾਰ ਦੀ ਬਿਜਾਏ ਛਠਭੁਜੀ ਹੈ। ਇਹ ਰਫ਼ੀ ਮਾਰਗ 'ਤੇ ਪੁਰਣੀ ਸੰਸਦ ਭਵਨ, ਵਿਜੈ ਚੌਕ ਅਤੇ ਇੰਡੀਆ ਗੇਟ ਦੇ ਵਿਚਕਾਰ ਬਣਾਈ ਗਈ ਹੈ। ਇਹ ਇਮਾਰਤ ਸੈਂਟਰਲ ਵਿਸਟਾ ਪਰਿਯੋਜਨਾ ਦਾ ਹਿੱਸਾ ਹੈ ਜਿਸ ਦੀ ਕੁੱਲ ਲਾਗਤ 29 ਹਜ਼ਾਰ ਕਰੋੜ ਰੁਪਏ ਹੈ। ਇਸ ਨੂੰ ਭਾਰਤੀ ਡਿਜ਼ਾਈਨਰ ਬਿਮਲ ਪਟੇਲ ਹੈ ਡਿਜ਼ਾਇਨ ਕੀਤਾ ਹੈ ਅਤੇ ਕੇਂਦਰੀ ਲੋਕ ਨਿਰਮਾਣ ਵਿਭਾਗ ਨੇ ਤਿਆਰ ਕਰਵਾਇਆ ਹੈ।

ਇਸ ਭਵਨ ਵਿੱਚ ਕੋਈ ਕੇਂਦਰੀ ਹਾਲ ਨਹੀਂ ਹੈ। ਰਾਜ ਸਭਾ ਦੀ ਇਮਾਰਤ ਦਾ ਆਕਾਰ ਪਹਿਲੇ ਨਾਲੋਂ ਵੱਡਾ ਹੈ ਜਿਸ ਵਿੱਚ 384 ਮੈਂਬਰਾਂ ਦੇ ਬੈਠਣ ਦਾ ਪ੍ਰਬੰਧ ਹੈ ਅਤੇ ਲੋਕ ਸਭਾ ਦਾ ਆਕਾਰ ਵੀ ਪਹਿਲੀ ਨਾਲੋਂ ਤਿੰਨ ਗੁਣਾ ਹੈ ਜਿਸ 888 ਮੈਂਬਰਾਂ ਦੇ ਬੈਠਣ ਦੀ ਸਮਰਥਾ ਹੈ। ਇਸ ਭਵਨ ਵਿੱਚ ਪਾਰਲੀਮੈਂਟ ਦੀ ਸਾਝੀ ਮੀਟਿੰਗ ਸਮੇਂ 1272 ਮੈਂਬਰ ਬੈਠ ਸਕਣਗੇ। ਇਸ ਪ੍ਰਕਾਰ ਦੇਸ਼ ਦੀ ਆਬਾਦੀ ਵਧਣ ਨਾਲ ਪਾਰਲੀਮੈਂਟ ਮੈਂਬਰਾਂ ਵਿੱਚ ਹੋਣ ਵਾਲੇ ਵਾਧੇ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਨਵੇਂ ਸੰਸਦ ਭਵਨ ਵਿੱਚ ਹਰੇਕ ਸੰਸਦ ਮੈਂਬਰ ਦਾ ਆਪਣਾ ਵੱਖਰਾ ਦਫ਼ਤਰ ਹੈ ਅਤੇ ਮੈਂਬਰ ਦੇ ਨਿਜੀ ਸਹਾਇਕ ਲਈ ਵੀ ਬੈਠਣ ਦਾ ਪ੍ਰਬੰਧ ਹੈ। ਸੰਸਦ ਮੈਂਬਰਾਂ ਦੇ ਦਫ਼ਤਰਾਂ ਨੂੰ ਪੇਪਰਲੈੱਸ ਆਫ਼ਿਸ ਬਣਾਉਣ ਲਈ ਵੀ ਬੇਹੱਦ ਨਵੀਂ ਡਿਜੀਟਲ ਇੰਟਰਫੇਸ ਨਾਲ ਲੈਸ ਕੀਤਾ ਗਿਆ ਹੈ। ਇਨ੍ਹਾਂ ਦਫ਼ਤਰਾਂ ਨੂੰ ਅੰਡਰਗ੍ਰਾਉਂਡ ਟਨਲ ਰਾਹੀਂ ਜੋੜਿਆ ਗਿਆ ਹੈ। ਇਸ ਵਿੱਚ ਸੰਸਦੀ ਮੈਂਬਰਾਂ ਦੇ ਬੈਠਣ ਲਈ ਇੱਕ ਵੱਡਾ ਲਾਊਜ਼, ਇੱਕ ਲਾਇਬ੍ਰੇਰੀ, ਕਮੇਟੀਆਂ ਲਈ ਤੇ ਭੋਜਨ ਕਰਨ ਲਈ ਵੱਖਰੀ ਥਾਂ ਹੈ ਅਤੇ ਪਾਰਕਿੰਗ ਬਹੁਤ ਵੱਡੀ ਬਣਾਈ ਗਈ ਹੈ। ਇਸ ਵਿੱਚ ਇੱਕ ਕੰਸਟੀਚਿਊਸ਼ਨਲ ਹਾਲ ਹੈ ਜਿਸ ਵਿੱਚ ਭਾਰਤ ਦੇ ਸੰਵਿਧਾਨ ਦੀ ਮੂਲ ਕਾਪੀ ਰੱਖੀ ਜਾਵੇਗੀ ਜਿਸ ਨੂੰ ਆਮ ਲੋਕ ਵੀ ਦੇਖ ਸਕਣਗੇ। ਇਹ ਇਮਾਰਤ ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਤੋਂ ਪੂਰੀ ਤਰ੍ਹਾਂ ਮੁਕਤ ਹੈ ਅਤੇ ਸੂਰਜੀ ਊਰਜਾ ਦੀ ਵਰਤੋਂ ਕਾਰਨ ਬਿਜਲੀ ਦੀ ਬੱਚਤ ਹੋਵੇਗੀ। ਇਹ ਇਮਾਰਤ ਭੂਚਾਲ ਦੇ ਖਤਰੇ ਤੋਂ ਵੀ ਮੁਕਤ ਹੈ। ਨਵੇਂ ਭਵਨ ਵਿੱਚ ਮੀਂਹ ਦੇ ਪਾਣੀ ਨੂੰ ਜ਼ਮੀਨਦੋਜ਼ ਕਰਨ ਅਤੇ ਇਸ ਨੂੰ ਰੀਸਾਈਕਲ ਕਰਨ ਦਾ ਪ੍ਰਬੰਧ ਹੈ।

ਇਸ ਭਵਨ ਵਿੱਚ ਇੱਕ ਆਰਟ ਗੈਲਰੀ ਹੈ ਜਿਸ ਵਿੱਚ 255 ਕਲਾਕ੍ਰਿਤੀਆਂ ਰੱਖਣ ਦਾ ਉਪਬੰਧ ਹੈ। ਇਹ ਕ੍ਰਿਤ ਕਲਾਵਾਂ ਪਰਵ, ਸਵਾਲੰਬਨ, ਪ੍ਰਕਿਰਤੀ, ਉੱਲਾਸ, ਗਿਆਨ, ਸਮਰਸਤਾ, ਆਸਥਾ ਅਤੇ ਯਾਤਰਾ 8 ਉਪਵਿਸ਼ਿਆਂ 'ਤੇ ਆਧਾਰਿਤ ਹਨ। ਲੋਕ ਸਭਾ ਚੈਂਬਰ ਵਿੱਚ ਸੈਨਗੋਲ ਰੱਖਿਆ ਗਿਆ ਹੈ। ਇਸ ਇਮਾਰਤ ਦੀ ਛੱਤ ਨਾਲ ਇੱਕ ਫੋਕਾਲਟ ਪੈਂਡੂਲਮ ਲਟਕਦਾ ਹੈ ਜੋ ਕਿ ਨੈਸ਼ਨਲ ਕੌਂਸਲ ਆਫ਼ ਸਾਇੰਸ ਮਿਊਜੀਅਮਜ਼ ਕਲਕੱਤਾ ਨੇ ਤਿਆਰ ਕੀਤਾ ਹੈ। ਇਹ ਜਦੋਂ ਆਪਣੇ ਧੁਰੇ ਦੁਆਲੇ ਘੁੰਮਦਾ ਹੈ ਤਾਂ ਫਰਸ਼ ਨੂੰ ਛੋਂਹਦਾ ਹੈ। ਇਸ ਇਮਾਰਤ ਦੇ ਤਿੰਨ ਪ੍ਰਵੇਸ਼ ਦਰਵਾਜ਼ੇ- ਗਿਆਨ ਦੁਆਰ, ਸ਼ਕਤੀ ਦੁਆਰ ਅਤੇ ਕਰਮ ਦੁਆਰ ਹਨ ਜਿਨ੍ਹਾਂ 'ਤੇ ਹਰ ਇੱਕ ਉੱਤੇ ਦੋ-ਦੋ, ਕੁੱਲ ਛੇ ਗਾਰਡੀਅਨ ਸਟੈਚੂ (ਗਜ, ਅਸ਼ਵ, ਗਰੁੜ, ਮਕਰ, ਸ਼ਰਦੂਲਾ ਅਤੇ ਹਮਜ਼) ਲਗਾਏ ਗਏ ਹਨ।

ਵਾਸਤੂ ਮਾਹਿਰਾਂ ਨੇ ਨਵੇਂ ਸੰਸਦ ਭਵਨ ਦਾ ਡਿਜ਼ਾਇਨ ਤਿਆਰ ਕਰਨ ਲਈ ਕਈ ਦੇਸ਼ਾਂ ਦੇ ਸੰਸਦ ਭਵਨਾਂ ਦਾ ਨਿਰੀਖਣ ਕੀਤਾ ਹੈ। ਭਾਰਤ ਦੀ ਸੰਸਦ ਦੇਸ਼ ਦੀ ਲੋਕਤੰਤ੍ਰਿਕ ਪ੍ਰਣਾਲੀ ਦਾ ਪ੍ਰਤੀਕ ਹੈ। ਲੋਕਾਂ ਨੂੰ ਪਾਰਲੀਮੈਂਟ ਮੈਂਬਰਾਂ ਤੋਂ ਬਹੁਤ ਆਸਾਂ-ਉਮੀਦਾਂ ਹਨ। ਆਸ ਹੈ, ਇਸ ਨਵੇਂ ਸੰਸਦ ਭਵਨ ਦੀ ਵਰਤੋਂ ਕਰਨ ਵਾਲੇ ਸ਼ਾਸਕ ਇਸ ਦੀ ਸ਼ਾਨ ਨੂੰ ਕਾਇਮ ਰਖਣਗੇ।

ਜ਼ਿਲ੍ਹਾ ਮੋਹਾਲੀ ਦੇ ਪਿੰਡ ਸਹੌੜਾਂ ਵਿੱਚ ਸੈਣੀ ਪਰਿਵਾਰ ਦੇ ਸ. ਚਰਨਜੀਤ ਸਿੰਘ ਕਤਰਾ ਨੇ ਨਵੀਂ ਕਹਾਣੀ ਪੁਸਤਕ,' ਧੁੰਦ 'ਚੋਂ ਲੋਅ' ਪੰਜਾਬੀ ਪਾਠਕਾਂ ਦੀ ਝੋਲੀ ਪਾਈ ਹੈ ਜਿਸ ਦੀ ਘੁੰਡਚੁਕਾਈ-ਰਸਮ 25 ਜੂਨ ਨੂੰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿਖੇ ਨਾਮਵਰ ਸਾਹਿਤਕਾਰਾਂ ਨੇ ਅਦਾ ਕੀਤੀ। ਇਹ ਆਪ ਦੀ ਚੌਥੀ ਰਚਨਾ ਹੈ ਜਿਸ ਤੋਂ ਪਹਿਲਾਂ ਉਨ੍ਹਾਂ ਨੇ ਇੱਕ ਵਾਰਤਕ, ਇੱਕ ਮਿੰਨੀ ਕਹਾਣੀ ਸੰਗ੍ਰਿਹ ਅਤੇ ਇੱਕ ਬਾਲ-ਸਾਹਿਤ ਪੁਸਤਕ ਪ੍ਰਕਾਸ਼ਿਤ ਕਰਵਾਈਆਂ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਕਤਰਾ ਸਾਹਿਬ ਨੂੰ ਬਹੁਤ ਬਹੁਤ ਵਧਾਈ ਹੋਵੇ।

❊ ❊ ❊ ❊ ❊

ਪੰਜਾਬੀ ਕੌਮ ਦੇ ਮਹਾਨ ਸਿੱਖ ਜਰਨੈਲ, ਬਾਬਾ ਬੰਦਾ ਸਿੰਘ ਬਹਾਦਰ ਜੀ ਦੇ 307ਵੇਂ ਸ਼ਹੀਦੀ ਦਿਵਸ 'ਤੇ ਉਨ੍ਹਾਂ ਨੂੰ ਸ਼ਰਧਾਪੂਰਬਕ ਸ਼ਰਧਾਂਜਲੀ ਭੇਂਟ ਕਰਦੇ ਹਨ।

MANAGING COMMITTEE OF SAINI BHAVAN RUPNAGAR

Chairman & President
Dr. Ajmer Singh Tamber
#B-12/ 5057, Guru Nagar,
Rupnagar
M-9417602835

Vice Chairman
S. Gurmukh Singh Tamber
(Ex MC), # 28, Shaheed Bhagat
Singh Nagar, Rupnagar
M-98720-69825

Sr. Vice President
Capt. Hakam Singh
Vill. Grewal,
Distt. Rupnagar
Mob. : 94636-53153

Vice President
S. Gurmukh Singh Longia
1940/19, Preet Colony,
Rupnagar
Mob. : 99880-18811

General Secretary
S. Balbir Singh Saini
7-A, Zorawar Singh
Nagar, Rupnagar
Mob. : 98156-36079

Technical Advisor
Er. Harjit Singh Saini
#440, Giani Zail Singh Nagar
Rupnagar
M-98141-03903

Joint Secretary
Dr. Jaswant Kaur
B-12/5057, Guru Nagar
Rupnagar
M-94178-02835

P.R.O.
Sh. Rajinder Saini
87, Giani Zail Singh Nagar
Rupnagar
Mob. : 98722-20400

Media Advisor
S. Bahadurjit Singh
Nehru Nagar
Rupnagar
Mob. : 94170-30731

Legal Advisor
Sh. Ravinder Singh Mudra
4487, Haveli Kalan
Rupnagar
Mob. : 98888-56369

Library Incharge
S. Daljit Singh
4998, Jagjit Nagar
Rupnagar
Mob. : 99148-30323

Auditor
S. Rajinder Singh Giran
B-1/83, Sheikhan Mohalla
Rupnagar
M-94646-49922

Executive Member
S. Ajit Singh
#1954, Ali Mohalla
Rupnagar
Mob. : 98148-22847

Executive Member
S. Ram Singh Saini
344, Giani Zail Singh Nagar
Rupnagar
Mob. : 98148-22847

Executive Member
S. Davinder Singh Jatana
412, Govind Valley,
Rupnagar
Mob. : 98760-62736

Executive Member
S. Tek Pal Singh Saini
204, Prabhu Apartment
Sec. 19, GH-19, Faridabad
Mob. : 98111-73520

Executive Member
S. Rajinder Singh Nanuan
61, Ranjit Avenue,
Rupnagar
Mob. : 98551-26027

Executive Member
Sh. Tarsem Saini
Ghuman Nagar
Patiala
Mob. : 98761-38476

Incharge Training Schools
Master Amarjit Singh
#7, Guru Teg Bahadur Nagar
Rupnagar
Mob. : 94635-88741

Property Incharge
S. Harjit Singh Giran
79A/7, Mohalla Sheikhan
Rupnagar
Mob. : 97799-90644

Matrimonial Incharge
S. Surinder Singh
1872/1, Gaoshala Road
Rupnagar
Mob. : 99880-06822

Magazine Incharge
S. Jagdev Singh
64, Giani Zail Singh Nagar
Rupnagar
Mob. : 98883-96364

Cashier
S. Pritpal Singh
1693/23, Gandhi Nagar,
Rupnagar
M-94634-56410

Manager
S. Hardip Singh
27/1, Hargobind Nagar
Ropar
Mob. : 98761-52297

ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ

39ਵੇਂ ਸਾਲਾਨਾ ਸੈਣੀ ਸੰਮੇਲਨ ਸਮੇਂ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਵਿਧਾਇਕ ਸ਼੍ਰੀ ਦਿਨੇਸ਼ ਚੱਢਾ ਦਾ ਸਵਾਗਤ ਕਰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ

ਸੈਣੀ ਸੰਮੇਲਨ ਦੀ ਪ੍ਰਧਾਨਗੀ ਕਰਦੇ ਹੋਏ ਮਾਨਯੋਗ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਵਿਧਾਇਕ ਸ਼੍ਰੀ ਦਿਨੇਸ਼ ਚੱਢਾ

ਡਾ. ਬਲਬੀਰ ਸਿੰਘ, ਸਿਹਤ ਮੰਤਰੀ ਪੰਜਾਬ, ਮੈਗਜ਼ੀਨ ਸੈਣੀ ਸੰਸਾਰ ਦੇ 48ਵੇਂ ਅੰਕ ਨੂੰ ਜਾਰੀ ਕਰਦੇ ਹੋਏ।

ਡਾ. ਬਲਬੀਰ ਸਿੰਘ, ਸਿਹਤ ਮੰਤਰੀ 39ਵੇਂ ਸੈਣੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ।

SAINI BHAWAN RUPNAGAR
PUNJAB
ਸਰਬਤ ਦਾ ਭਲਾ

Estd. 1971

ਸੈਣੀ ਸੰਸਾਰ
Saini Sansar

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001